22-OCT-PAGE-1.qxd 10/21/2023 9:57 PM Page 1

ਐਤਵਾਰ, 22 ਅਕਤੂਬਰ, 2023
6 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 142

ਨਵਾਂ ਜ਼ਮਾਨਾ

DAILY NAWAN ZAMANA • SUNDAY, 22 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਰਾਫ਼ਾ ਬਾਰਡਰ ਖੁੱਲ੍ਹਿਆ, ਰਾਹਤ ਸਮੱਗਰੀ ਪਹੁੰਚਣੀ ਸ਼ੁਰੂ

ਤੇਲ ਅਵੀਵ : ਇਜ਼ਰਾਈਲ, ਹਮਾਸ ਦੀ ਜੰਗ ਦਾ ਸ਼ਨੀਵਾਰ 15ਵਾਂ ਦਿਨ ਹੈ। ਇਸ ਦੌਰਾਨ ਹਮਾਸ ਦੇ ਹਮਲੇ ਤੋਂ ਬਾਅਦ ਪਹਿਲੀ ਵਾਰ ਇਜ਼ਪਟ ਤੋਂ ਗਾਜ਼ਾ ਵਿਚਾਲੇ ਰਾਫ਼ਾ ਬਾਰਡਰ ਖੋਲ੍ਹ ਦਿੱਤਾ ਗਿਆ। ਇਸ ਨਾਲ ਫਲਸਤੀਨੀਆਂ ਨੂੰ ਜ਼ਰੂਰੀ ਸਾਮਾਨ ਪਹੁੰਚਾਉਣ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਹੈ। ਲੱਗਭੱਗ 3000 ਟਨ ਸਹਾਇਤਾ ਸਮਗਰੀ ਲੈ ਕੇ 20 ਤੋਂ ਵੱਧ ਟਰੱਕ, ਜੋ ਕਈ ਦਿਨਾਂ ਤੋਂ ਕ੍ਰਾਸਿੰਗ ਦੇ ਕੋਲ ਖੜੇ ਸਨ। ਇੱਕ ਰਿਪੋਰਟ ਮੁਤਾਬਿਕ ਇਜ਼ਰਾਇਲ ਨੇ ਸਿਰਫ਼ 20 ਟਰੱਕਾਂ ਨੂੰ ਹੀ ਗਾਜ਼ਾ 'ਚ ਜਾਣ ਦੀ ਇਜਾਜ਼ਤ ਦਿੱਤੀ ਹੈ। ਇਨ੍ਹਾਂ 'ਚ ਇੱਕ ਟਰੱਕ ਤਾਬੂਤਾਂ ਨਾਲ ਭਰਿਆ ਹੈ, ਜਦਕਿ ਬਾਕੀ ਟਰੱਕਾਂ 'ਚ ਦਵਾਈਆਂ ਅਤੇ ਹੋਰ ਰਾਹਤ ਸਮਗਰੀ ਹੈ। ਉਥੇ ਹੀ ਇਜ਼ਰਾਈਲ ਨੇ ਮਿਸਰ, ਜਾਰਡਨ ਅਤੇ ਮੋਰੱਕੋ 'ਚ ਮੌਜੂਦ ਆਪਣੇ ਨਾਗਰਿਕਾਂ ਨੂੰ ਜਲਦ ਤੋਂ ਜਲਦ ਦੇਸ਼ ਛੱਡਣ ਨੂੰ ਕਿਹਾ ਹੈ। ਨਾਲ ਹੀ ਇਜ਼ਰਾਈਲੀਆਂ ਨੂੰ ਇਨ੍ਹਾ ਦੇਸ਼ਾਂ 'ਚ ਨਾ ਜਾਣ ਦੀ ਵੀ ਸਲਾਹ ਦਿੱਤੀ ਹੈ। ਨਾਰਾਜ਼ ਲੋਕ ਇਜ਼ਰਾਈਲੀਆਂ ਨੂੰ ਆਪਣਾ ਨਿਸ਼ਾਨਾ ਬਣਾ ਸਕਦੇ ਹਨ। ਦੂਜੇ ਪਾਸੇ ਗਾਜਾ ਸ਼ਹਿਰ ਦੇ ਅਲ ਕੁਦਸ ਹਸਪਤਾਲ ਨੂੰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇੱਕ ਰਿਪੋਰਟ ਮੁਤਾਬਿਕ ਹਸਪਤਾਲ ਅਤੇ ਆਸ-ਪਾਸ ਦੇ ਇਲਾਕਿਆਂ 'ਚ ਹਜ਼ਾਰ ਤੋਂ ਜ਼ਿਆਦਾ ਲੋਕ ਮੌਜੂਦ ਹਨ। ਹਸਪਤਾਲ ਦੇ ਪ੍ਰਸ਼ਾਸਨ ਨੇ ਇਸ ਨੂੰ ਖਾਲੀ ਕਰਨ ਤੋਂ ਇਨਕਾਰ ਕਰ ਦਿੱਤਾ। ਇੱਥੇ ਇਜ਼ਰਾਈਲੀ ਹਮਲਿਆਂ 'ਚ ਬੇਘਰ ਹੋਏ ਕਰੀਬ 12 ਹਜ਼ਾਰ ਲੋਕ ਰਹਿ ਰਹੇ ਹਨ।

ਰਾਹਤ ਸਮਗਰੀ ਨਾਲ ਭਰੇ ਟਰੱਕ ਜਦੋਂ ਰਫ਼ਾਹ ਕ੍ਰਾਸਿੰਗ 'ਤੇ ਮਿਸਰ ਵੱਲੋਂ ਗਾਜ਼ਾ 'ਚ ਦਾਖ਼ਲ ਹੋਏ ਉਥੇ ਖੜੇ ਵਲੰਟੀਅਰਾਂ ਨੇ ਤਾਲੀਆਂ ਵਜਾ ਕੇ ਖੁਸ਼ੀ ਪ੍ਰਗਟਾਈ। ਸਿਰਫ਼ 20 ਟਰੱਕਾਂ ਨੂੰ ਹੀ ਗਾਜਾ ਦਾਖ਼ਲ ਹੋਣ ਦੀ ਇਜਾਜ਼ਤ ਮਿਲੀ ਹੈ, ਜਦਕਿ ਵਰਲਡ ਫੂਡ ਪ੍ਰੋਗਰਾਮ ਅਤੇ ਹੋਰ ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਗਾਜਾ 'ਚ ਜੋ ਹਾਲਾਤ ਹਨ ਉਸ ਨਾਲ ਨਜਿੱਠਣ ਲਈ ਰੋਜ਼ ਘੱਟੋ ਘੱਟ 100 ਟਰੱਕ ਰਾਹਤ ਸਮਗਰੀ ਦੀ ਜ਼ਰੂਰਤੀ ਹੈ। ਸੰਗਠਨ ਦਾ ਕਹਿਣਾ ਹੈ ਕਿ ਹਾਲੇ ਕੁਝ ਹੀ ਟਰੱਕਾਂ ਨੂੰ ਜਾਣ ਦੀ ਮਨਜ਼ੂਰੀ ਮਿਲੀ ਹੈ ਅਤੇ ਬਾਕੀ ਟਰੱਕ ਇਜਾਜ਼ਤ ਦੇ ਇੰਤਜ਼ਾਰ 'ਚ ਮਿਸਰ ਵੱਲ ਖੜੇ ਹਨ। ਇਸ ਦੌਰਾਨ ਗਾਜਾ 'ਚ ਰਾਹਤ ਕੰਮ ਕਰਨ ਵਾਲੇ ਸੰਯੁਕਤ ਰਾਸ਼ਟਰ ਦੀ ਏਜੰਸੀ ਨੇ ਕਿਹਾ ਕਿ ਜੋ ਮਦਦ ਆ ਰਹੀ ਹੈ ਉਹ ਨਾਕਾਫ਼ੀ ਹੈ। ਏਜੰਸੀ ਨੇ ਕਿਹਾ ਇਹ ਸਮੁੰਦਰ 'ਚ ਇੱਕ ਬੂੰਦ ਦੀ ਤਰ੍ਹਾਂ ਹੈ।

ਹਮਾਸ ਨੇ 2 ਅਮਰੀਕੀ ਬੰਧਕਾਂ ਨੂੰ ਕੀਤਾ ਰਿਹਾਅ

ਤੇਲ ਅਵੀਵ : ਇਜ਼ਰਾਈਲ ਅਤੇ ਫਲਸਤੀਨੀ ਸੰਗਠਨ ਹਮਾਸ ਵਿਚਾਲੇ 7 ਅਕਤੂਬਰ ਨੂੰ ਸ਼ੁਰੂ ਹੋਈ ਜੰਗ ਨੂੰ 15 ਦਿਨ ਪੂਰੇ ਹੋ ਗਏ। ਇਸ ਯੁੱਧ 'ਚ ਹਮਾਸ ਨੇ ਕਈ ਲੋਕਾਂ ਨੂੰ ਇਜ਼ਰਾਈਲ ਤੋਂ ਅਗਵਾ ਕਰ ਲਿਆ ਸੀ। ਹਮਾਸ ਨੇ ਦੇਰ ਰਾਤ ਦੋ ਅਮਰੀਕੀ ਬੰਧਕਾਂ ਨੂੰ ਰਿਹਾਅ ਕਰ ਦਿੱਤਾ। ਜੂਡਿਥ ਤਾਈ ਰਾਨਨ ਅਤੇ ਨਤਾਲੀ ਸ਼ੋਸ਼ਾਨਾ ਰਾਨਨ ਨਾਂਅ ਦੀਆਂ ਦੋ ਮਹਿਲਾਵਾਂ ਨੂੰ ਹਮਾਸ ਨੇ ਰਿਹਾਅ ਕਰ ਦਿੱਤਾ। ਜੂਡਿਥ ਅਤੇ ਨਤਾਲੀ ਮਾਂ-ਬੇਟੀ ਹਨ ਅਤੇ ਦੋਵਾਂ ਨੂੰ ਹਮਾਸ ਨੇ 7 ਅਕਤੂਬਰ ਨੂੰ ਇਜ਼ਰਾਈਲ ਤੋਂ ਅਗਵਾ ਕਰਕੇ ਗਾਜ਼ਾ 'ਚ ਬੰਧਕ ਬਣਾ ਲਿਆ ਸੀ। ਹੁਣ ਦੋਵਾਂ ਦੀ ਰਿਹਾਈ ਹੋ ਗਈ ਹੈ ਅਤੇ ਦੋਵੇਂ ਇਜ਼ਰਾਈਲ ਆ ਗਈਆਂ ਹਨ।

ਜਾਣਕਾਰੀ ਅਨੁਸਾਰ ਹਮਾਸ ਨੇ ਦੋ ਅਮਰੀਕੀ ਬੰਧਕਾਂ ਨੂੰ ਮਨੁੱਖੀ ਕਾਰਨਾਂ ਦੇ ਚੱਲਦੇ ਰਿਹਾਅ ਕੀਤਾ ਹੈ। ਕਤਰ ਨੇ ਇਸ ਲਈ ਅਹਿਮ ਭੂਮਿਕਾ ਨਿਭਾਈ। ਸੱਤ ਅਕਤੂਬਰ ਨੂੰ ਸ਼ੁਰੂ ਹੋਏ ਯੁੱਧ ਦੇ ਪਹਿਲੇ ਹੀ ਦਿਨ ਹਮਾਸ ਨੇ 200 ਤੋਂ ਵੱਧ ਲੋਕਾਂ ਨੂੰ ਇਜ਼ਰਾਈਲ ਤੋਂ ਅਗਵਾ ਕਰਕੇ ਬੰਧਕ ਬਣਾ ਲਿਆ ਸੀ।

ਹਮਾਸ-ਇਜ਼ਰਾਈਲ ਜੰਗ 'ਚ 22 ਪੱਤਰਕਾਰਾਂ ਦੀ ਮੌਤ

ਨਿਊਯਾਰਕ : ਨਿਊਯਾਰਕ ਸਥਿਤ 'ਦਿ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ' ਨੇ ਕਿਹਾ ਹੈ ਕਿ 7 ਅਕਤੂਬਰ ਨੂੰ ਹਮਾਸ ਵੱਲੋਂ ਇਜ਼ਰਾਈਲ 'ਤੇ ਕੀਤੇ ਹਮਲੇ ਤੋਂ ਬਾਅਦ ਸ਼ੁਰੂ ਹੋਈ ਜੰਗ 'ਚ ਹੁਣ ਤੱਕ ਘੱਟੋ-ਘੱਟ 22 ਪੱਤਰਕਾਰ ਮਾਰੇ ਜਾ ਚੁੱਕੇ ਹਨ। ਸੀ ਪੀ ਜੇ ਨੇ ਕਿਹਾ ਕਿ ਉਹ ਗੁਆਂਢੀ ਲਿਬਨਾਨ ਸਣੇ ਹਮਲਿਆਂ ਕਾਰਨ ਜ਼ਖਮੀ, ਮਾਰੇ ਗਏ ਤੇ ਬੰਦੀ ਬਣਾਏ ਜਾਂ ਲਾਪਤਾ ਪੱਤਰਕਾਰਾਂ ਬਾਰੇ ਰਿਪੋਰਟਾਂ ਦੀ ਜਾਂਚ ਕਰ ਰਹੀ ਹੈ। 20 ਅਕਤੂਬਰ ਤੱਕ ਘੱਟੋ-ਘੱਟ 22 ਪੱਤਰਕਾਰ 7 ਅਕਤੂਬਰ ਨੂੰ ਯੁੱਧ ਸ਼ੁਰੂ ਹੋਣ ਤੋਂ ਬਾਅਦ ਦੋਵਾਂ ਪਾਸਿਆਂ ਦੇ 4,000 ਤੋਂ ਵੱਧ ਮਰਨ ਵਾਲੇ ਲੋਕਾਂ 'ਚ ਸ਼ਾਮਲ ਹਨ। ਮਾਰੇ ਗਏ 22 ਪੱਤਰਕਾਰਾਂ 'ਚੋਂ 18 ਫਲਸਤੀਨੀ, ਤਿੰਨ ਇਜ਼ਰਾਇਲੀ ਅਤੇ ਇੱਕ ਲਿਬਨਾਨੀ ਸ਼ਾਮਲ ਹੈ, ਅੱਠ ਪੱਤਰਕਾਰ ਜ਼ਖਮੀ ਹੋ ਗਏ, ਤਿੰਨ ਲਾਪਤਾ ਜਾਂ ਹਿਰਾਸਤ 'ਚ ਦੱਸੇ ਜਾ ਰਹੇ ਹਨ।

ਸ਼ਹੀਦ ਨਛੱਤਰ ਧਾਲੀਵਾਲ ਦੀ 35ਵੀਂ ਬਰਸੀ

ਤਕੜੇ ਸੰਘਰਸ਼ ਉਲੀਕਣ ਦੀ ਲੋੜ : ਬਿਨੋਏ ਬਿਸ਼ਵਮ

ਬਾਈ ਨਛੱਤਰ ਹਮੇਸ਼ਾ ਸਮਾਜਿਕ ਵਿਤਕਰੇ ਤੇ ਆਰਥਿਕ ਪਾੜੇ ਖਿਲਾਫ ਰਹੇ : ਅਮਰਜੀਤ ਕੌਰ

ਮੋਗਾ (ਅਮਰਜੀਤ ਬੱਬਰੀ)

ਪੰਜਾਬ ਰੋਡਵੇਜ਼ ਕਾਮਿਆਂ ਦੀ ਜਥੇਬੰਦੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਵੱਲੋਂ ਆਪਣੇ ਮਹਿਬੂਬ ਆਗੂ ਸ਼ਹੀਦ ਬਾਈ ਨਛੱਤਰ ਧਾਲੀਵਾਲ ਦੀ 35ਵੀਂ ਬਰਸੀ ਬੱਸ ਸਟੈਂਡ ਮੋਗਾ ਵਿਖੇ ਮਨਾਈ ਗਈ। ਸਿੱਖਿਆ, ਸਿਹਤ, ਬੈਂਕ ਅਤੇ ਵੱਖ-ਵੱਖ ਅਦਾਰਿਆਂ ਵਿੱਚ ਕੰਮ ਕਰਦੀਆਂ ਜਥੇਬੰਦੀਆਂ ਨੇ ਇਸ ਬਰਸੀ ਸਮਾਗਮ 'ਚ ਵਧ-ਚੜ੍ਹ ਕੇ ਹਿੱਸਾ ਲਿਆ।ਸਟੇਜ ਸਕੱਤਰ ਜਗਦੀਸ਼ ਚਾਹਲ ਨੇ ਆਏ ਹੋਏ ਸਾਥੀਆਂ ਦਾ ਸਵਾਗਤ ਕਰਦਿਆਂ ਬਾਈ ਨਛੱਤਰ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਇਸ ਮੌਕੇ ਕੁੱਲ ਹਿੰਦ ਏਟਕ ਸਕੱਤਰ ਬੀਬੀ ਅਮਰਜੀਤ ਕੌਰ ਨੇ ਸ਼ਹੀਦ ਨਛੱਤਰ ਦੇ ਅਧਿਐਨ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਮਹਾਨ ਗੁਣ ਬਾਰੇ ਗੱਲ ਸਾਂਝੀ ਕੀਤੀ। ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਬਣਾਈਆਂ ਜਾਣ ਵਾਲੀਆਂ ਲੋਕ ਮਾਰੂ ਨੀਤੀਆਂ ਸਦਾ ਤੋਂ ਹੀ ਚੱਲਦਾ ਵਰਤਾਰਾ ਹੈ, ਜਿਸ ਨੂੰ ਬਾਈ ਨਛੱਤਰ ਬਦਲਣਾ ਚਾਹੁੰਦੇ ਸਨ। ਉਹ ਹਮੇਸ਼ਾ ਸਮਾਜਿਕ ਵਿਤਕਰੇ ਅਤੇ ਆਰਥਿਕ ਪਾੜੇ ਖਿਲਾਫ ਸਨ। ਸਰਬ ਸਾਂਝੀਵਾਲਤਾ ਦੇ ਮੁਦਈ ਬਾਈ ਨਛੱਤਰ ਨੂੰ ਲੋਕ ਦੋਖੀ ਤਾਕਤਾਂ ਵੱਲੋਂ ਕਤਲ ਕਰਨ ਦੀ ਕੋਝੀ ਚਾਲ ਕੇਵਲ ਸਰੀਰ ਨੂੰ ਹੀ ਖਤਮ ਕਰ ਸਕੀ, ਪਰ ਬਾਈ ਦੀ ਸੋਚ ਸਦਾ ਲਈ ਅਮਰ ਹੋ ਗਈ। ਹਰ ਬਰਸੀ 'ਤੇ ਵਧਦਾ ਇਕੱਠ ਗਵਾਹ ਹੈ ਕਿ ਬਾਈ ਦੀ ਸੋਚ 'ਤੇ ਪਹਿਰਾ ਦੇਣ ਵਾਲੇ ਲੋਕ ਹਰ ਰੋਜ਼ ਵਧ ਰਹੇ ਹਨ। ਉਹਨਾਂ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੰਮ-ਦਿਹਾੜੀ ਸਮਾਂ 8 ਤੋਂ ਵਧਾ ਕੇ 12 ਘੰਟੇ ਕਰ ਦਿੱਤਾ ਗਿਆ ਹੈ। ਸੰਘਰਸ਼ ਅਤੇ ਲੱਖਾਂ ਕੁਰਬਾਨੀਆਂ ਉਪਰੰਤ ਕਿਰਤੀਆਂ ਦੇ ਹੱਕ 'ਚ ਬਣੇ ਕਿਰਤ ਕਾਨੂੰਨਾਂ ਨੂੰ 4 ਲੇਬਰ ਨਿਯਮਾਂ 'ਚ ਤਬਦੀਲ ਕਰ ਦਿੱਤਾ ਗਿਆ। ਇਹ ਕਿਰਤੀਆਂ-ਮਜ਼ਦੂਰਾਂ ਨਾਲ ਬੇਹੱਦ ਜ਼ੁਲਮ ਹੈ। ਪਹਿਲਾਂ ਹੀ ਮਹਿੰਗਾਈ ਦੀ ਮਾਰ 'ਚ ਪਿਸ ਰਹੇ ਗਰੀਬ ਅਤੇ ਮੱਧਵਰਗੀ ਲੋਕ ਕੇਵਲ ਇੱਕ ਵਸਤੂ ਬਣਾਏ ਜਾ ਰਹੇ ਹਨ, ਜਿਨ੍ਹਾਂ ਨੂੰ ਵੱਡੇ ਕਾਰਪੋਰੇਟ ਘਰਾਣੇ ਆਪਣੇ ਮੁਨਾਫੇ ਲਈ ਵਰਤ ਸਕਣ। ਅਮੀਰ ਘਰਾਣਿਆਂ ਦੇ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ, ਦੂਜੇ ਪਾਸੇ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਉਪਰ ਪੁਰਾਣੀ ਪੈਨਸ਼ਨ ਵੀ ਬੰਦ ਕਰ ਦਿੱਤੀ ਗਈ ਹੈ। ਦੇਸ਼ ਭਰ 'ਚ ਮੁਲਾਜ਼ਮ ਜਥੇਬੰਦੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਕੇਰਲ ਤੋਂ ਮੈਂਬਰ ਪਾਰਲੀਮੈਂਟ ਸ੍ਰੀ ਬਿਨੋਏ ਬਿਸ਼ਵਮ ਨੇ ਕਿਹਾ ਕਿ ਨਛੱਤਰ ਇੱਕ ਸੋਚ ਸੀ, ਜਿਸ ਉਪਰ ਪਹਿਰਾ ਦੇਣਾ ਅੱਜ ਸਮੇਂ ਦੀ ਲੋੜ ਹੈ। ਸਰਕਾਰੀ ਵਿਭਾਗ ਲਗਾਤਾਰ ਕਮਜ਼ੋਰ ਹੋ ਰਹੇ ਹਨ, ਜਿੱਥੋਂ ਗਰੀਬ ਅਤੇ ਮੱਧਵਰਗੀ ਲੋਕਾਂ ਨੂੰ ਸਹੂਲਤਾਂ ਮਿਲਦੀਆਂ ਹਨ। ਦੂਜੇ ਪਾਸੇ ਨਿੱਜੀਕਰਨ ਦਾ ਸ਼ਿਕੰਜਾ ਹਰ ਰੋਜ਼ ਸਖਤ ਹੁੰਦਾ ਜਾ ਰਿਹਾ ਹੈ। ਜੇਕਰ ਇਸ ਦਾ ਜ਼ੋਰਦਾਰ ਵਿਰੋਧ ਨਾ ਕੀਤਾ ਗਿਆ ਤਾਂ ਪਹਿਲਾਂ ਹੀ ਦੇਸ਼ ਦਾ ਕੁੱਲ ਸਰਮਾਇਆ ਜੋ ਕੁਝ ਅਮੀਰ ਲੋਕਾਂ ਕੋਲ ਇਕੱਠਾ ਹੋ ਚੁੱਕਿਆ ਹੈ, ਹੋਰ ਤੇਜ਼ੀ ਨਾਲ ਵੰਡਿਆ ਜਾਵੇਗਾ ਅਤੇ ਵੱਡੀ ਵਸੋਂ ਦਾ ਜੀਵਨ ਬਦਤਰ ਹੋ ਜਾਵੇਗਾ। ਬੇਰੋਜ਼ਗਾਰਾਂ ਨੂੰ ਕੰਮ ਪ੍ਰਦਾਨ ਕਰਨਾ ਹੀ ਸਮਾਜ ਨੂੰ ਬਿਹਤਰ ਦਿਸ਼ਾ ਵੱਲ ਲਿਜਾ ਸਕਦਾ ਹੈ, ਇਸ ਲਈ ਲੋੜ ਹੈ ਤਕੜੇ ਸੰਘਰਸ਼ ਉਲੀਕਣ ਦੀ ਤਾਂ ਜੋ ਸਰਕਾਰਾਂ ਨੂੰ ਲੋਕ ਪੱਖੀ ਨੀਤੀਆਂ ਘੜਨ ਲਈ ਮਜਬੂਰ ਕੀਤਾ ਜਾਵੇ।

ਅੱਜ ਦਾ ਬਰਸੀ ਸਮਾਗਮ ਖਤਮ ਹੋਣ ਉਪਰੰਤ ਧਾਲੀਵਾਲ ਭਵਨ ਮੋਗਾ ਵਿਖੇ ਹੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਇਜ਼ ਕਨਫੈਡਰੇਸ਼ਨ ਦੀ 7ਵੀਂ ਦੋ ਦਿਨਾ ਕਾਨਫ਼ਰੰਸ ਵੀ ਸ਼ੁਰੂ ਹੋਈ, ਜਿਸ 'ਚ ਦੇਸ਼ ਭਰ ਦੇ ਸੂਬਿਆਂ 'ਚੋਂ 400 ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਮੌਕੇ ਏਟਕ ਪੰਜਾਬ ਪ੍ਰਧਾਨ ਕਾ. ਬੰਤ ਬਰਾੜ, ਰੁਜ਼ਗਾਰ ਪ੍ਰਾਪਤੀ ਮੁਹਿਮ ਦੇ ਮੁੱਖ ਸਲਾਹਕਾਰ ਕਾ. ਜਗਰੂਪ, ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਮੋਗਾ ਸਕੱਤਰ ਕੁਲਦੀਪ ਭੋਲਾ, ਆਲ ਇੰਡੀਆ ਯੂਥ ਫੈਡਰੇਸ਼ਨ ਅਤੇ ਸਟੂਡੈਂਟ ਫੈਡਰੇਸ਼ਨ ਦੇ ਆਗੂ ਸਾਥੀ ਸੁਖਜਿੰਦਰ ਮਹਿਸਰੀ ਅਤੇ ਸਾਥੀ ਵਿੱਕੀ ਮਹੇਸਰੀ ਨੇ ਵੀ ਬਾਈ ਨਛੱਤਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਧਾਲੀਵਾਲ ਯਾਦਗਾਰੀ ਡਾਇਰੀ ਵੀ ਜਾਰੀ ਕੀਤੀ ਗਈ ਅਤੇ ਸ਼ਹੀਦ ਨਛੱਤਰ ਦੇ ਜੱਦੀ ਪਿੰਡ ਬੱਧਨੀ ਖੁਰਦ ਦੇ ਸਕੂਲ ਦੇ ਬੱਚਿਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

ਇਸ ਮੌਕੇ ਗੁਰਜੀਤ ਸਿੰਘ ਬਟਾਲਾ, ਅਵਤਾਰ ਸਿੰਘ ਤਾਰੀ, ਬਲਰਾਜ ਭੰਗੂ, ਸੁਰਿੰਦਰ ਪੁਆਰੀ, ਗੁਰਜੰਟ ਕੋਕਰੀ, ਗੁਰਪ੍ਰੀਤ ਧੂੜ, ਜਗਪਾਲ ਸਿੰਘ, ਡਾ. ਇੰਦਰਬੀਰ ਗਿੱਲ, ਸੂਰਤ ਸਿੰਘ ਧਰਮਕੋਟ ਅਤੇ ਮੋਗਾ ਡਿੱਪੂ ਦੇ ਸਮੂਹ ਸਾਥੀਆਂ ਤੋਂ ਇਲਾਵਾ ਵੱਖ-ਵੱਖ ਜੱਥੇਬੰਦੀਆਂ ਦੇ ਆਗੂ ਵੱਡੀ ਗਿਣਤੀ 'ਚ ਹਾਜ਼ਰ ਸਨ।

ਰਾਜਸਥਾਨ ਵਿਧਾਨ ਸਭਾ ਚੋਣਾਂ

ਕਾਂਗਰਸ ਦੀ ਪਹਿਲੀ ਤੇ ਭਾਜਪਾ ਦੀ ਦੂਜੀ ਲਿਸਟ ਜਾਰੀ

ਸਰਦਾਰਪੁਰਾ ਤੋਂ ਗਹਿਲੋਤ, ਟੋਂਕ ਤੋਂ ਪਾਇਲਟ

ਜੈਪੁਰ : ਰਾਜਸਥਾਨ ਵਿਧਾਨਸਭਾ ਚੋਣਾਂ ਲਈ ਕਾਂਗਰਸ ਨੇ ਆਪਣੀ ਪਹਿਲੀ ਲਿਸਟ ਜਾਰੀ ਕੀਤੀ ਹੈ। ਇਸ ਸੂਚੀ 'ਚ ਪਾਰਟੀ ਨੇ 33 ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਕਾਂਗਰਸ ਨੇ ਸਰਦਾਰਪੁਰਾ ਤੋਂ ਮੁੱਖ ਮੰਤਰੀ ਅਸ਼ੋਕ ਗਹਿਲੋਤ, ਟੋਂਕ ਤੋਂ ਸਚਿਨ ਪਾਇਲਟ ਅਤੇ ਨਾਥਵਾੜਾ ਤੋਂ ਸੀ ਪੀ ਜੋਸ਼ੀ ਨੂੰ ਟਿਕਟ ਦਿੱਤਾ ਹੈ। ਕਾਂਗਰਸ ਦੀ ਪਹਿਲੀ ਲਿਸਟ 'ਚ ਉਮੀਦਵਾਰ ਦੀ ਸਿਲੈਕਸ਼ਨ 'ਚ ਕੋਈ ਖਾਸ ਬਦਲਾਅ ਨਹੀਂ ਦਿੱਤਾ ਗਿਆ। ਰਾਜਸਥਾਨ ਕਾਂਗਰਸ ਪ੍ਰਧਾਨ ਗੋਵਿੰਦ ਸਿੰਘ ਡੋਟਾਸਰਾ ਆਪਣੀ ਹੀ ਸੀਟ ਲਕਸ਼ਮਣਗੜ੍ਹ ਤੋਂ ਚੋਣ ਲੜਨਗੇ। ਇਸ ਤੋਂ ਇਲਾਵਾ ਓਸੀਆ ਤੋਂ ਦਿਵਿਆ ਮਦੇਰਣਾ, ਹਿੰਡੋਲੀ ਤੋਂ ਅਸ਼ੋਕ ਚਾਂਦਨਾ, ਸਵਾਈ ਮਾਧੋਪੁਰ ਤੋਂ ਦਾਨਿਸ਼ ਅਬਰਾਰ, ਜੋਧਪੁਰ ਤੋਂ ਮਨੀਸ਼ਾ ਪਵਾਰ ਅਤੇ ਸਾਦੂਲਪੁਰ ਤੋਂ ਕ੍ਰਿਸ਼ਨਾ ਪੂਨੀਆ ਨੂੰ ਟਿਕਟ ਮਿਲੀ ਹੈ।

33 ਉਮੀਦਵਾਰਾਂ ਦੀ ਲਿਸਟ 'ਚ 32 ਨਾਂਅ ਪੁਰਾਣੇ ਹੀ ਹਨ, ਇਸ ਵਾਰ ਮੁੰਡਾਵਰ ਤੋਂ ਲਲਿਤ ਯਾਦਵ ਦਾ ਨਾਂਅ ਜੁੜਿਆ ਹੈ, ਜੋ ਪਿਛਲੀ ਵਾਰ ਬਸਪਾ ਤੋਂ ਚੋਣ ਲੜੀ ਸੀ। ਕਾਂਗਰਸ ਦੀ ਪਹਿਲੀ ਲਿਸਟ 'ਚ ਸਚਿਨ ਪਾਇਲਟ ਗੁੱਟ ਦੇ ਚਾਰ ਨੇਤਾਵਾਂ ਨੂੰ ਟਿਕਟ ਮਿਲਿਆ ਹੈ। ਇਨ੍ਹਾਂ 'ਚੋਂ ਵਿਰਾਟਨਗਰ ਤੋਂ ਇੰਦਰਾਜ ਸਿੰਘ ਗੁਜਰ, ਲਾਡਨੂੰ ਸੀਟ ਤੋਂ ਮੁਕੇਸ਼ ਭਾਕਰ, ਪਰਬਤਸਰ ਸੀਟ ਤੋਂ ਰਾਮਨਿਵਾਸ ਗਾਵੜਿਆ ਅਤੇ ਨੋਹਰ ਸੀਟ ਤੋਂ ਅਮਿਤ ਨੂੰ ਟਿਕਟ ਮਿਲਿਆ ਹੈ। ਇਸ ਤੋਂ ਇਲਾਵਾ ਸਵਾਈ ਮਾਧੋਪੁਰ ਤੋਂ ਦਾਨਿਸ ਅਬਰਾਰ, ਲਡਨੂਨ ਤੋਂ ਮੁਕੇਸ਼ ਭਾਕਰ, ਡੀਡਵਾਨਾ ਤੋਂ ਚੇਤਨ ਸਿੰਘ

● ਬਾਕੀ ਸਫ਼ਾ 2 'ਤੇ

ਝਾਲਰਾਪਾਟਨ ਤੋਂ ਵਸੁੰਧਰਾ ਰਾਜੇ

ਜੈਪੁਰ : ਰਾਜਸਥਾਨ ਵਿਧਾਨਸਭਾ ਚੋਣਾਂ ਲਈ ਭਾਜਪਾ ਨੇ ਉਮੀਦਵਾਰਾਂ ਦੀ ਦੂਜੀ ਲਿਸਟ ਜਾਰੀ ਕਰ ਦਿੱਤੀ ਹੈ। ਇਸ ਲਿਸਟ 'ਚ 83 ਉਮੀਦਵਾਰਾਂ ਦੇ ਨਾਂਅ ਹਨ। ਇਸ 'ਚ 10 ਔਰਤਾਂ ਦੇ ਨਾਂਅ ਸ਼ਾਮਲ ਹਨ। ਵਸੁੰਧਰਾ ਰਾਜੇ ਨੂੰ ਝਾਲਰਾਪਾਟਨ ਤੋਂ

22-OCT-PAGE-1.qxd 10/21/2023 9:58 PM Page 2

ਪੰਜਾਬ ਸਰਕਾਰ ਹਰ ਵਰਗ ਨਾਲ ਕਰ ਰਹੀ ਬੇਇਨਸਾਫ਼ੀ : ਚਮਕੌਰ ਸਿੰਘ ਵੀਰ

ਲੋਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਪੰਜਾਬ ਦੇ ਮਜ਼ਦੂਰਾਂ, ਕਿਸਾਨਾਂ ਮੁਲਾਜ਼ਮਾਂ, ਔਰਤਾਂ ਤੇ ਦੁਕਾਨਦਾਰਾਂ ਨੇ ਕਾਂਗਰਸ ਅਤੇ ਅਕਾਲੀਆਂ, ਸਰਕਾਰਾਂ ਦੀਆਂ ਨੀਤੀਆਂ ਤੋਂ ਤੰਗ, ਪ੍ਰੇਸ਼ਾਨ ਹੋ ਕੇ ਚੰਗੇ ਦਿਨਾਂ ਦੀ ਆਸ ਰੱਖਦੇ ਹੋਏ ਬਹੁਤ ਹੀ ਚਾਵਾਂ ਤੇ ਇਛਾਵਾਂ ਨਾਲ ਤੀਜੇ ਬਦਲ ਵਜੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੇ ਲਾਰਿਆਂ ਵਿੱਚ ਆ ਕੇ ਆਮ ਆਦਮੀ ਪਾਰਟੀ ਨੂੰ ਸੂਬੇ ਵਿੱਚ ਧੜਾ-ਧੜ ਵੋਟਾਂ ਪਾ ਕੇ 92 ਵਿਧਾਇਕਾਂ ਨੂੰ ਜਿਤਾ ਕੇ ਸਰਕਾਰ ਬਣਾ ਦਿੱਤੀ, ਪ੍ਰੰਤੂ 19 ਮਹੀਨੇ ਤੋਂ ਉੱਪਰ ਦਾ ਸਮਾਂ ਬੀਤਣ ਦੇ ਬਾਵਜੂਦ ਮਜ਼ਦੂਰਾਂ ਦੇ ਹੱਕ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਹਰਾ ਪੈਨ ਨਹੀਂ ਚੱਲਿਆ, ਦਿਹਾੜੀ ਘੱਟੋ ਘੱਟ 700 ਰੁਪਏ ਪ੍ਰਤੀ ਦਿਨ ਕਰਨ ਦੀ ਬਜਾਏ ਮਜ਼ਦੂਰਾਂ ਦਾ ਚਾਰ ਘੰਟੇ ਦਾ ਸਮਾਂ ਵਧਾ ਕੇ 12 ਘੰਟੇ ਕਰ ਦਿੱਤਾ, ਮਜ਼ਦੂਰੀ ਵਿੱਚ ਕੋਈ ਵਾਧਾ ਨਹੀਂ ਕੀਤਾ, ਮਜ਼ਦੂਰਾਂ ਦੇ 30% ਤੋਂ ਵੱਧ ਆਟਾ-ਦਾਲ ਦੇ ਕਾਰਡ ਕੱਟ ਦਿੱਤੇ, ਪੈਨਸ਼ਨ ਦੀ ਰਾਸ਼ੀ 1500 ਤੋਂ ਵਧਾ ਕੇ 2500 ਕਰਨੀ ਸੀ, ਪਰ ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਰਾਂ ਦੀ ਗਿਣਤੀ ਲਗਭਗ 25% ਘਟਾ ਦਿੱਤੀ ਗਈ, ਗਰੀਬ ਲੜਕੀਆਂ ਦੇ ਵਿਆਹ ਤੇ ਸ਼ਗਨ ਸਕੀਮ 51000 ਰੁਪਏ ਦੇਣੀ ਸੀ, ਪਰ ਇਹ ਸਕੀਮ ਠੱਪ ਕੀਤੀ ਪਈ ਹੈ। ਪੰਜਾਬ ਦੀਆਂ ਔਰਤਾਂ ਹਰ ਮਹੀਨੇ 1000 ਰੁਪਏ ਉਡੀਕ ਰਹੀਆਂ ਹਨ ਤੇ 19 ਮਹੀਨਿਆਂ ਦਾ ਬਕਾਇਆ ਲੈਣ ਲਈ ਵੀ ਪਿੰਟ ਸਿਆਪਾ ਕਰ ਰਹੀਆਂ ਹਨ।

ਝੋਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਸੰਬੰਧੀ ਜਾਗਰੂਕਤਾ ਪ੍ਰੋਗਰਾਮ

ਬਠਿੰਡਾ (ਪਰਵਿੰਦਰਜੀਤ ਸਿੰਘ)-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਜ਼ਿਲ੍ਹੇ ਦੇ ਪਿੰਡ ਜਿਉਂਦ ਵਿਖੇ ਝੋਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਸਕੂਲੀ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਝੋਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਸਬੰਧੀ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸ ਮੌਕੇ ਕੇ.ਵੀ.ਕੇ ਦੇ ਵਿਗਿਆਨੀਆਂ ਵੱਲੋਂ ਵਿਦਿਆਰਥੀਆਂ ਨਾਲ ਝੋਨੇ ਦੀ ਪਰਾਲੀ ਪ੍ਰਬੰਧਨ ਤਕਨੀਕਾਂ ਤੇ ਕੇ.ਵੀ.ਕੇ ਵੱਲੋਂ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਤਰ੍ਹਾਂ ਗਤੀਵਿਧੀਆਂ ਬਾਰੇ ਭਾਸ਼ਣ ਦਿੱਤੇ ਗਏ। ਇਸ ਮੌਕੇ ਖੇਤੀ ਮਾਹਰ ਵਿਗਿਆਨੀਆਂ ਨੇ ਕਿਹਾ ਕਿ ਪਰਾਲੀ ਨੂੰ ਸਾੜਨ ਨਾਲ ਫਸਲ ਲਈ ਲੋੜੀਂਦੇ ਤੱਤ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਤੇ ਗੰਧਕ ਸੜਨ ਦੇ ਨਾਲ ਵਾਤਾਵਰਨ ਵਿੱਚ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ ਆਦਿ ਗੈਸਾਂ ਫੈਲਣ ਨਾਲ ਪ੍ਰਦੂਸ਼ਣ ਫੈਲਦਾ ਹੈ, ਜਿਸ ਨਾਲ ਮਨੁੱਖੀ ਸਿਹਤ 'ਤੇ ਅਸਰ ਪੈਂਦਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਖੇਤ ਵਿੱਚ ਰੱਖਣ ਨਾਲ ਮਲਚ ਦੇ ਤੌਰ 'ਤੇ ਕੰਮ ਆਉਂਦੀ ਹੈ। ਇਸ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਪ੍ਰਤੀ ਜਾਗਰੂਕ ਕਰਨ ਲਈ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ 'ਤੇ ਨੁੱਕੜ ਨਾਟਕ, ਲੇਖ ਲਿਖਣ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ 'ਚ ਵੱਖ-ਵੱਖ ਸਥਾਨ ਹਾਸਲ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

ਮੱਲ੍ਹੀ ਦੇ ਪ੍ਰਧਾਨ ਬਣਨ 'ਤੇ ਪਾਰਟੀ ਨੂੰ ਮਿਲੇਗੀ ਮਜ਼ਬੂਤੀ : ਬੱਗੇਵਾਲਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਬਲਦੇਵ ਸਿੰਘ ਮੱਲ੍ਹੀ ਦੀ ਪਾਰਟੀ ਪ੍ਰਤੀ ਮਿਹਨਤ ਲਗਨ ਤੇ ਇਮਾਨਦਾਰੀ ਨੂੰ ਦੇਖਦੇ ਹੋਏ ਪਾਰਟੀ ਵੱਲੋਂ ਬਲਾਕ ਪ੍ਰਧਾਨ ਦੀ ਜ਼ਿੰਮੇਵਾਰੀ ਮਿਲਣ ਤੇ ਪਾਰਟੀ ਇਲਾਕੇ ਵਿੱਚ ਵੱਡੇ ਪੱਧਰ 'ਤੇ ਮਜਬੂਤ ਹੋਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਸਬੀਰ ਸਿੰਘ ਬੱਗੇਵਾਲਾ, ਸਰਵਣ ਸਿੰਘ ਨੰਬਰਦਾਰ, ਜੁਗਤਾਰ ਸਿੰਘ ਕਮਲਾ ਬੋਦਲਾਂ, ਕੈਪਟਨ ਪਿਆਰਾ ਸਿੰਘ, ਡਾਕਟਰ ਬੋਹੜ ਸਿੰਘ, ਹਰਜਿੰਦਰ ਸਿੰਘ ਸਾਹਬਾ ਟੱਲੀ ਗੁਲਾਮ ਨੇ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੇ ਇਲਾਕੇ 'ਚੋਂ ਧਾਰਮਿਕ ਪਿਛੋਕੜ ਤੇ ਬੇਦਾਦ ਅਕਸ ਵਾਲੇ ਪਰਵਾਰ ਦੇ ਨੌਜਵਾਨ ਨੂੰ ਵੱਡੀ ਜ਼ਿੰਮੇਵਾਰੀ ਦੇਣ ਨਾਲ ਸਾਫ਼ ਸੁਥਰੇ ਅਕਸ ਵਾਲੇ ਪਰਵਾਰ ਕਾਰੋਬਾਰੀ ਵਪਾਰੀ ਸਫ਼ਲ ਕਿਸਾਨ ਅਤੇ ਸਮਾਜ ਸੇਵੀ ਸੰਸਥਾਵਾਂ ਵਿੱਚ ਵੀ ਖ਼ੁਸ਼ੀ ਪਾਈ ਜਾ ਰਹੀ ਹੈ।ਹਰ ਪਾਸੇ ਪਾਰਟੀ ਦੇ ਇਸ ਚੰਗੇ ਫੈਸਲੇ ਦਾ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਮੱਲ੍ਹੀ ਪਰਵਾਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਕਿੰਡਰ ਗਾਰਟਨ ਸਕੂਲ ਦੇ ਵਿਦਿਆਰਥੀਆਂ ਗੋਲਡ ਮੈਡਲ ਜਿੱਤਿਆ

ਸਮਰਾਲਾ (ਸੁਰਜੀਤ ਸਿੰਘ)-ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਬਲਾਕ ਪੱਧਰ 'ਤੇ ਬੈਡਮਿੰਟਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਿੰਡਰ ਗਾਰਟਨ ਐਂਡ ਸੀ. ਸੈ. ਸਕੂਲ ਸਮਰਾਲਾ ਦੇ ਖਿਡਾਰੀਆਂ ਨੇ ਹਿੱਸਾ ਲਿਆ। ਇਸ ਦੌਰਾਨ ਬੈਡਮਿੰਟਨ ਦੇ ਹੋਏ ਮੁਕਾਬਲਿਆਂ ਵਿੱਚ ਸਕੂਲ ਦੀ ਅੰਡਰ-11 ਲੜਕਿਆਂ ਤੇ ਲੜਕੀਆਂ ਨੇ ਭਾਗ ਲਿਆ। ਲੜਕਿਆਂ ਨੇ ਬਲਾਕ ਪੱਧਰ 'ਤੇ ਬੈਡਮਿੰਟਨ ਮੁਕਾਬਲਿਆਂ ਵਿੱਚ ਗੋਲਡ ਤੇ ਲੜਕੀਆਂ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੇ ਚੇਅਰਮੈਨ ਸ੍ਰ. ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਮੂਹ ਸਟਾਫ ਨੇ ਬੱਚਿਆਂ ਤੇ ਡੀ ਪੀ ਮੈਡਮ ਹਰਪ੍ਰੀਤ ਕੌਰ ਅਤੇ ਸੁਖਚੈਨ ਸਿੰਘ ਨੂੰ ਵਧਾਈਆਂ ਦਿੱਤੀਆਂ ਅਤੇ ਬੱਚਿਆਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

ਸਰਕਾਰੀ ਹਸਪਤਾਲ ਵਿਖੇ ਆਸ਼ਾ ਵਰਕਰਾਂ ਨੂੰ ਦਿੱਤੀ ਟ੍ਰੇਨਿੰਗ

ਕੋਟ ਈਸੇ ਖਾਂ (ਅਰੋੜਾ)-ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਦੀਪ ਕੁਮਾਰ ਸੀ ਐੱਚ ਸੀ ਕੋਟ ਈਸੇ ਖਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਾਨਸਿਕ ਰੋਗਾਂ ਬਾਰੇ ਆਸ਼ਾ ਵਰਕਰਾਂ ਨੂੰ ਟ੍ਰੇਨਿੰਗ ਦਿੱਤੀ ਗਈ, ਜਿਸ ਵਿੱਚ ਗੱਲਬਾਤ ਕਰਦਿਆਂ ਬਲਰਾਜ ਸਿੰਘ ਹੈਲਥ ਸੁਪਰਵਾਈਜ਼ਰ ਤੇ ਅਮਨਜੋਤ ਕੌਰ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਨੇ ਦੱਸਿਆ ਕਿ ਮਾਨਸਿਕ ਰੋਗ ਕੀ ਹੁੰਦੇ ਹਨ ਤੇ ਇਨ੍ਹਾਂ ਤੋਂ ਬਚਾ ਲਈ ਸਾਨੂੰ ਬਹੁਤ ਸਾਰੀਆਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਇਸ ਸਮੇਂ ਉਨ੍ਹਾਂ ਨਾਲ ਮਲਟੀਪਰਪਜ਼ ਹੈਲਥ ਵਰਕਰ ਜਗਮੀਤ ਸਿੰਘ ਨੇ ਵੀ ਆਸ਼ਾ ਵਰਕਰਾਂ ਨੂੰ ਵਿਸਥਾਰ ਨਾਲ ਸਮਝਾਇਆ ਕਿ ਇਹੋ ਜਿਹੇ ਮਰੀਜ਼ਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਹੈ ਤੇ ਉਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿਖੇ ਲੈ ਕੇ ਆਉਣਾ ਹੈ। ਇਸ ਟ੍ਰੇਨਿੰਗ ਵਿੱਚ ਲਗਭਗ 35 ਆਸ਼ਾ ਵਰਕਰਾਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਸਮੇਂ ਇਨ੍ਹਾਂ ਨਾਲ ਬਲਾਕ ਐਜੂਕੇਟਰ ਜਤਿੰਦਰ ਸੂਦ, ਮਲਟੀਪਰਪਜ਼ ਹੈਲਥ ਵਰਕਰ ਵਿਕਰਮਜੀਤ ਸਿੰਘ ਆਦਿ ਹਾਜ਼ਰ ਸਨ।

ਪੈਰਾਡਾਈਜ਼ ਦੇ ਖਿਡਾਰੀਆਂ ਦਾ ਜ਼ੋਨ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੈਰਾਡਾਈਜ਼ ਅਕੈਡਮੀ ਸੀਨੀਅਰ ਸੈਕੰਡਰੀ ਵਜੀਦਕੇ ਖੁਰਦ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਖੇਡਾਂ 'ਚ ਪੁਜ਼ੀਸ਼ਨਾਂ ਹਾਸਲ ਕਰਕੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ ਹੈ, ਜਿਸ 'ਚ ਅੰਡਰ-14 'ਚ ਸਹਿਜਪ੍ਰੀਤ ਕੌਰ ਨੇ ਸ਼ਾਟਪੁੱਟ ਤੇ ਡਿਸਕ ਥਰੋ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਅਰਸ਼ਪ੍ਰੀਤ ਕੌਰ ਨੇ ਸ਼ਾਟਪੁੱਟ ਵਿੱਚ ਦੂਜਾ ਤੇ ਹੁਸਨਪ੍ਰੀਤ ਕੌਰ ਨੇ ਲੰਬੀ ਛਾਲ 'ਚ ਦੂਜਾ ਸਥਾਨ ਹਾਸਲ ਕੀਤਾ ਹੈ। ਅੰਡਰ-19 'ਚ ਕਮਲੇਸ਼ ਕੌਰ ਨੇ ਜੈਵਲੀਨ ਥਰੋ ਤੇ ਹੈਮਰ ਥਰੋ 'ਚ ਪਹਿਲਾ, ਕਮਲਜੀਤ ਕੌਰ ਨੇ ਡਿਸਕਸ ਥਰੋ 'ਚ ਪਹਿਲਾ, ਗੁਰਲੀਨ ਕੌਰ ਨੇ ਲੰਬੀ ਛਾਲ ਤੇ ਵਾਕ ਰੇਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਹਰਮਨਦੀਪ ਕੌਰ ਨੇ ਸ਼ਾਟਪੁੱਟ ਵਿੱਚ ਪਹਿਲਾ ਸਥਾਨ ਤੇ ਮਨਪ੍ਰੀਤ ਕੌਰ ਨੇ ਸ਼ਾਟਪੁੱਟ 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਗਗਨਪ੍ਰੀਤ ਕੌਰ ਨੇ ਲੰਬੀ ਛਾਲ 'ਚ ਦੂਜਾ ਤੇ ਅੰਡਰ-19 'ਚ ਜਸਪ੍ਰੀਤ ਸਿੰਘ ਨੇ ਸ਼ਾਟਪੁੱਟ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰ. ਜਸਵਿੰਦਰ ਸਿੰਘ ਚਹਿਲ ਨੇ ਜੇਤੂ ਖਿਡਾਰੀਆਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਜ਼ੋਨ ਪੱਧਰੀ ਖੇਡਾਂ 'ਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਖਿਡਾਰੀਆਂ ਨੇ ਸੰਸਥਾ ਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਇਨ੍ਹਾਂ ਖੇਡਾਂ 'ਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਨੇ ਵਧੀਆ ਪ੍ਰਦਰਸ਼ਨ ਕਰਕੇ ਆਪਣਾ ਲੋਹਾ ਮੰਨਵਾਇਆ। ਮੈਨੇਜਮੈਂਟ ਕਮੇਟੀ ਮੈਂਬਰ ਸ੍ਰ: ਰਣਜੀਤ ਸਿੰਘ ਟੱਲੇਵਾਲ (ਰਿਟਾ:) ਮੁੱਖ ਅਧਿਆਪਕ, ਚੇਅਰਮੈਨ ਸੁਰਿੰਦਰ ਬਾਵਾ, ਅਲੋਕ ਸਿੰਗਲਾ, ਸੰਜੀਵ ਬਾਂਸਲ, ਮੁਨੀਸ਼ ਸਿੰਗਲਾ, ਵਿਸ਼ਾਲ ਗਰਗ ਤੇ ਬਲਜਿੰਦਰ ਕੁਮਾਰ ਨੇ ਹੋਣਹਾਰ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਪ੍ਰਾਪਤੀ ਦਾ ਸਿਹਰਾ ਡੀ ਪੀ ਈ ਮੈਡਮ ਪਰਮਿੰਦਰ ਕੌਰ ਤੇ ਮਿਹਨਤੀ ਖਿਡਾਰੀਆਂ ਨੂੰ ਜਾਂਦਾ ਹੈ।

ਮਾਤਾ ਸੁੰਦਰੀ ਗਰੁੱਪ ਆਫ ਇੰਸ. ਢੱਡੇ ਵਿਖੇ ਸੈਮੀਨਾਰ ਭਲਕੇ

ਰਾਮਪੁਰਾ ਫੂਲ (ਦਰਸਨ ਜਿੰਦਲ)-ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੀ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਵਿਖੇ 23 ਅਕਤੂਬਰ 2023 ਨੂੰ ਯੂਨਾਇਟਿਡ ਨੈਸ਼ਨਲ ਡੇਅ ਨੂੰ ਸਮਰਪਤ ਇਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨ ਵੱਖ ਵੱਖ ਵਿਸ਼ਿਆਂ 'ਤੇ ਆਪਣੇ ਵੱਡਮੁੱਲੇ ਵਿਚਾਰ ਰੱਖਣਗੇ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਤੇ ਐੱਮ ਡੀ ਗੁਰਬਿੰਦਰ ਸਿੰਘ ਬੱਲੀ ਨੇ ਦੱਸਿਆ ਕਿ ਸੈਮੀਨਾਰ 'ਚ ਯੂ.ਐੱਨ.ਓ. ਦੇ ਮਨੁੱਖੀ ਅਧਿਕਾਰਾਂ ਸੰਬੰਧੀ ਪਾਏ ਜਾ ਰਹੇ ਯੋਗਦਾਨ ਸੰਬੰਧੀ ਵਿਚਾਰ ਚਰਚਾ ਹੋਵੇਗੀ। ਸੰਸਥਾ ਦੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸਾਡੀ ਸੰਸਥਾ ਸਮੇਂ ਸਮੇਂ ਇਹੋ ਜਿਹੇ ਸੈਮੀਨਾਰ ਕਰਵਾਉਂਦੀ ਆ ਰਹੀ ਹੈ, ਜਿਸ ਦਾ ਵਿਦਿਆਰਥਣਾਂ ਤੇ ਸਮੂਹ ਪ੍ਰੋਫੈਸਰ ਸਾਹਿਬਾਨ ਭਰਪੂਰ ਲਾਭ ਉਠਾ ਰਹੇ ਹਨ। ਪ੍ਰਿੰਸੀਪਲ ਡਾ. ਰਾਜ ਸਿੰਘ ਬਾਘਾ ਨੇ ਕਿਹਾ ਕਿ ਵਿਦਿਆਰਥੀਆਂ ਦੇ ਗਿਆਨ ਨੂੰ ਉੱਚ ਦਰਜੇ ਦਾ ਬਣਾਉਣ ਲਈ ਲਗਾਤਾਰ ਸੈਮੀਨਾਰਾਂ ਦੀ ਲੜੀ ਤਹਿਤ ਇਹ ਅੰਤਰਰਾਸ਼ਟਰੀ ਪੱਧਰ ਦਾ ਸੈਮੀਨਾਰ ਹੋਣ ਜਾ ਰਿਹਾ ਹੈ, ਜਿਸ ਦਾ ਆਯੋਜਨ ਕਾਲਜ ਦਾ ਰਾਜਨੀਤੀ ਵਿਭਾਗ ਕਰ ਰਿਹਾ ਹੈ।

ਐੱਸ ਵਾਈ ਐੱਲ ਨਾਲ ਪੰਜਾਬ ਨੂੰ ਵੱਡਾ ਨੁਕਸਾਨ ਹੋਇਆ : ਸੰਤ ਸੀਚੇਵਾਲ

■ ਮੰਡੀ ਗੋਬਿੰਦਗੜ੍ਹ ਦੇ ਫੋਕਲ ਪੁਆਇੰਟ ਵਿਖੇ 6000 ਪੌਦੇ ਲਗਾਉਣ ਦੀ ਕੀਤੀ ਸ਼ੁਰੂਆਤ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)-ਪੰਜਾਬ ਵਿੱਚ ਲੰਮੇਂ ਸਮੇਂ ਤੋਂ ਐੱਸ.ਵਾਈ.ਐੱਲ. ਨਹਿਰ ਕਾਰਨ ਵੱਡਾ ਨੁਕਸਾਨ ਹੋਇਆ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਇਹ ਪ੍ਰਗਟਾਵਾ ਮੈਂਬਰ ਰਾਜ ਸਭਾ ਤੇ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਮੰਡੀ ਗੋਬਿੰਦਗੜ੍ਹ ਦੇ ਫੋਕਲ ਪੁਆਇੰਟ ਵਿਖੇ 6000 ਪੌਦੇ ਲਗਾਉਣ ਦੀ ਸ਼ੁਰੂਆਤ ਕਰਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਪਾਣੀ ਬਹੁਤ ਨੀਚੇ ਚਲਿਆ ਗਿਆ ਹੈ ਤੇ ਕੇਂਦਰੀ ਜਲ ਬੋਰਡ ਦੀ ਰਿਪੋਰਟ ਅਨੁਸਾਰ ਸਾਲ 2039 ਤੱਕ ਪੰਜਾਬ ਦਾ ਪਾਣੀ ਇੱਕ ਹਜ਼ਾਰ ਫੁੱਟ ਨੀਚੇ ਚਲਿਆ ਜਾਵੇਗਾ, ਜੋ ਕਿ ਇੱਕ ਖੇਤੀ ਪ੍ਰਧਾਨ ਸੂਬੇ ਲਈ ਬਹੁਤ ਖਤਰਨਾਕ ਸਿੱਧ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਜਿਹੜੇ ਐੱਸ ਵਾਈ ਐੱਲ ਦੇ ਪਾਣੀ ਦੀ ਗੱਲ ਕਰ ਰਹੇ ਹਨ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਪੰਜਾਬ ਕੋਲ ਤਾਂ ਪਹਿਲਾਂ ਹੀ ਪਾਣੀ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦੀ ਵੰਡ ਮੌਕੇ ਪੰਜਾਬ ਨੂੰ ਰਾਜਸਥਾਨ ਤੋਂ ਬਹੁਤ ਘੱਟ ਪਾਣੀ ਮਿਲਿਆ ਸੀ, ਜਦੋਂ ਕਿ ਪੰਜਾਬ ਅੰਦਰ ਖੇਤੀ ਸਭ ਤੋਂ ਵੱਧ ਹੋ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਕਿਸੇ ਵੀ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਦੇ ਪੌਣ, ਪਾਣੀ ਤੇ ਹਵਾ ਨੂੰ ਬਚਾਉਣ ਲਈ ਸਾਰੇ ਪੰਜਾਬੀਆਂ ਨੂੰ ਆਪਣਾ ਯੋਗਦਾਨ ਪਾਉਣਾ

22-Oct-PAGE-11-Majha-23.qxd 10/21/2023 10:05 PM Page 1

ਜਾਨਾਂ ਵਾਰਨ ਵਾਲੇ ਬਹਾਦਰ ਪੁਲਸ ਜਵਾਨਾਂ ਨੂੰ ਗੁਰਦਾਸਪੁਰ ਪੁਲਸ ਨੇ ਸ਼ਹੀਦੀ ਦਿਵਸ ਮੌਕੇ ਦਿੱਤੀ ਨਿੱਘੀ ਸ਼ਰਧਾਂਜਲੀ

ਗੁਰਦਾਸਪੁਰ (ਜਨਕ ਮਹਾਜਨ/ਦਿਨੇਸ਼ ਕੁਮਾਰ)- ਪੰਜਾਬ ਪੁਲਸ ਦੇ ਬਹਾਦਰ ਜਵਾਨਾਂ ਨੇ ਹਮੇਸ਼ਾ ਹੀ ਸੂਬੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਦਿਆਂ ਵੱਡੀਆਂ ਕੁਰਬਾਨੀਆਂ ਦੇ ਕੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੈ। ਪੰਜਾਬ ਪੁਲਸ ਨੂੰ ਆਪਣੇ ਉਨ੍ਹਾਂ ਮਹਾਨ ਸ਼ਹੀਦਾਂ ਉੱਪਰ ਹਮੇਸ਼ਾ ਫ਼ਖਰ ਰਹੇਗਾ ਜਿਨ੍ਹਾਂ ਦੀ ਬਦੌਲਤ ਸੂਬਾ ਪੰਜਾਬ ਅੱਤਵਾਦ ਦੇ ਕਾਲੇ ਦੌਰ ਵਿਚੋਂ ਬਾਹਰ ਨਿਕਲ ਸਕਿਆ ਸੀ। ਇਹ ਪ੍ਰਗਟਾਵਾ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ ਨੇ ਅੱਜ ਸਥਾਨਕ ਪੁਲਸ ਲਾਈਨ ਵਿਖੇ ਸੋਗ ਪਰੇਡ ਦਿਵਸ (ਪੁਲਸ ਕੋਮੈਮੋਰੇਸ਼ਨ ਡੇਅ ਪਰੇਡ) ਮੌਕੇ ਸ਼ਹੀਦ ਹੋਏ ਪੰਜਾਬ ਪੁਲਸ ਤੇ ਹੋਰ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਆਪਣੇ ਸੰਬੋਧਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ 21 ਅਕਤੂਬਰ 1959 ਨੂੰ ਲਦਾਖ ਦੇ ਹੌਟ ਸਪਰਿੰਗਜ਼ ਵਿਖੇ ਚੀਨ ਦੇ ਬਾਰਡਰ 'ਤੇ ਪੈਟਰੋਲਿੰਗ ਕਰ ਰਹੀ ਸੀ.ਆਰ.ਪੀ.ਐੱਫ ਦੀ ਟੁਕੜੀ 'ਤੇ ਚੀਨੀ ਫੌਜੀਆਂ ਨੇ ਘਾਤ ਲਗਾ ਕੇ ਹਮਲਾ ਕੀਤਾ ਸੀ, ਜਿਸ ਦਾ ਸਾਡੇ ਦੇਸ਼ ਦੇ ਜਵਾਨਾਂ ਨੇ ਬੜੀ ਦਲੇਰੀ ਤੇ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਦੇਸ਼ ਦੀ ਰਾਖੀ ਲਈ ਇਹ ਜਵਾਨ ਸ਼ਹਾਦਤ ਪ੍ਰਾਪਤ ਕਰ ਗਏ ਸਨ। ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਸਾਲ 1960 ਤੋਂ ਦੇਸ਼ ਦੀਆਂ ਸਾਰੀਆਂ ਪੁਲਸ ਫੋਰਸਿਜ਼, ਸੁਰੱਖਿਆ ਬਲਾਂ ਵਲੋਂ ਲਏ ਗਏ ਫੈਸਲੇ ਮੁਤਾਬਕ ਹਰ ਸਾਲ 21 ਅਕਤੂਬਰ ਦਾ ਦਿਨ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਜਾਨਾਂ ਵਾਰਨ ਵਾਲੇ ਬਹਾਦਰ ਜਵਾਨਾਂ ਦੀ ਯਾਦ ਨੂੰ ਸਮਰਪਤ ਕੀਤਾ ਗਿਆ ਹੈ। ਐੱਸ.ਐੱਸ.ਪੀ. ਹਰੀਸ਼ ਦਾਯਮਾ ਨੇ ਕਿਹਾ ਕਿ ਪੰਜਾਬ ਪੁਲਸ ਨੇ ਅੱਤਵਾਦ ਨੂੰ ਖਤਮ ਕਰਨ ਲਈ ਬੜੀ ਬਹਾਦਰੀ ਨਾਲ ਲੜਾਈ ਲੜੀ ਹੈ ਅਤੇ ਪੰਜਾਬ ਪੁਲਸ ਦੇ ਵੱਡੇ ਅਧਿਕਾਰੀ ਤੋਂ ਲੈ ਕੇ ਸਿਪਾਹੀ ਤੱਕ ਨੇ ਸ਼ਹਾਦਤ ਦਾ ਜਾਮ ਪੀਤਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਨੂੰ ਖਤਮ ਕਰਨ ਲਈ ਪੁਲਸ ਜ਼ਿਲ੍ਹਾ ਗੁਰਦਾਸਪੁਰ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਅਤੇ ਗੁਰਦਾਸਪੁਰ ਪੁਲਿਸ ਦੇ 48 ਜਵਾਨਾਂ ਨੇ ਅਮਨ ਸ਼ਾਂਤੀ ਕਾਇਮ ਕਰਨ ਲਈ ਆਪਣੀਆਂ ਜਾਨਾਂ ਵਾਰ ਕੇ ਸ਼ਹਾਦਤਾਂ ਪਾਈਆਂ ਹਨ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਪਰਵਾਰ ਸਾਡੇ ਆਪਣੇ ਪਰਵਾਰ ਹਨ ਅਤੇ ਪੁਲਸ ਵਿਭਾਗ ਸ਼ਹੀਦ ਪਰਵਾਰਾਂ ਦੇ ਹਰ ਦੁੱਖ-ਸੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ। ਐੱਸ.ਐੱਸ.ਪੀ. ਗੁਰਦਾਸਪੁਰ ਨੇ ਕਿਹਾ ਕਿ ਪੰਜਾਬ ਪੁਲਸ ਨੇ ਜਿਥੇ ਅੱਤਵਾਦ ਖਿਲਾਫ ਲੜਾਈ ਲੜੀ ਹੈ ਓਥੇ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵੀ ਜੰਗ ਲੜੀ ਜਾ ਰਹੀ ਹੈ। ਇਸ ਤੋਂ ਪਹਿਲਾਂ ਡੀ.ਐੱਸ.ਪੀ. ਕਲਾਨੌਰ ਸ. ਗੁਰਵਿੰਦਰ ਸਿੰਘ ਚੰਦੀ ਦੀ ਕਮਾਂਡ ਹੇਠ ਪੁਲਿਸ ਦੇ ਜਵਾਨਾਂ ਨੇ ਸ਼ੋਕ ਸਲਾਮੀ ਦੌਰਾਨ ਹਥਿਆਰ ਉਲਟੇ ਕਰਕੇ ਸ਼ਹੀਦ ਅਫਸਰਾਂ ਤੇ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ।

ਇਸ ਮੌਕੇ ਸਬ ਇੰਸਪੈਕਟਰ ਕ੍ਰਿਸ਼ਮਾ ਅਤੇ ਰਜਿੰਦਰ ਕੌਰ ਨੇ ਪਿਛਲੇ ਇੱਕ ਸਾਲ ਦੌਰਾਨ ਦੇਸ਼ ਭਰ ਵਿੱਚ ਸ਼ਹੀਦ ਹੋਏ 189 ਸੁਰੱਖਿਆ ਜਵਾਨਾਂ ਦੇ ਨਾਂਅ ਪੜ੍ਹ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ, ਉਨ੍ਹਾਂ ਦੀ ਧਰਮ ਪਤਨੀ ਅੰਮ੍ਰਿਤ ਸਿੰਘ ਆਈ.ਏ.ਐੱਸ, ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਪਰਮਿੰਦਰ ਸਿੰਘ ਰਾਏ, ਸੀ.ਜੇ.ਐੱਮ. ਰਾਜੇਸ਼ ਆਹਲੂਵਾਲੀਆ, ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਐੱਸ.ਪੀ. (ਡੀ) ਪਿਰਥੀਪਾਲ ਸਿੰਘ, ਐੱਸ.ਪੀ. ਹੈੱਡਕੁਆਰਟਰ ਨਵਜੋਤ ਸਿੰਘ ਸੰਧੂ, ਸਮੂਹ ਡੀ.ਐੱਸ.ਪੀਜ਼, ਐੱਸ.ਐੱਚ.ਓਜ਼, ਸਾਬਕਾ ਪੁਲਸ ਅਧਿਕਾਰੀਆਂ ਅਤੇ ਸ਼ਹੀਦਾਂ ਦੇ ਪਰਵਾਰਕ ਮੈਂਬਰਾਂ ਨੇ ਪੁਲਸ ਸ਼ਹੀਦੀ ਯਾਦਗਾਰ 'ਤੇ ਫੁੱਲ ਮਲਾਵਾਂ ਚੜ੍ਹਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਬਾਅਦ ਅਧਿਕਾਰੀਆਂ ਵਲੋਂ ਸ਼ਹੀਦੀ ਗੈਲਰੀ ਦਾ ਦੌਰਾ ਕੀਤਾ ਗਿਆ ਅਤੇ ਅਖੀਰ ਵਿੱਚ ਐੱਸਐੱਸ.ਪੀ. ਗੁਰਦਾਸਪੁਰ ਤੇ ਹੋਰ ਅਧਿਕਾਰੀਆਂ ਵਲੋਂ ਨੇ ਸ਼ਹੀਦ ਪਰਿਵਾਰਾਂ ਦਾ ਆਦਰ-ਮਾਣ ਕੀਤਾ ਗਿਆ ਅਤੇ ਉਨਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।

ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਦੌਰਾ

ਧਾਰੀਵਾਲ,ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ) - ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਣਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਰਜਿੰਦਰ ਅਗਰਵਾਲ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਅਤੇ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਕੇਂਦਰੀ ਜੇਲ੍ਹ, ਗੁਰਦਾਸਪੁਰ ਦਾ ਦੌਰਾ ਕੀਤਾ ਗਿਆ ਅਤੇ ਕੇਂਦਰੀ ਜੇਲ੍ਹ ਵਿੱਚ ਚਲਾਈ ਜਾ ਰਹੀ 'ਵੋਕੇਸ਼ਨਲ ਲਿਟਰੇਸੀ ਟਰੇਨਿੰਗ' ਅਤੇ ਨਸ਼ਾ ਵਿਰੋਧੀ ਮੁਹਿੰਮ 'ਪੰਜਾਬ ਅਗੈਂਸਟ ਡਰੱਗ ਅਡਿਕਸ਼ਨ' ਸਬੰਧੀ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ ਕੈਦੀਆਂ ਅਤੇ ਹਵਾਲਾਤੀਆਂ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਗੁਰਦਾਸਪੁਰ ਰਜਿੰਦਰ ਅਗਰਵਾਲ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਨਾਲਸਾ (ਲੀਗਲ ਸਰਵਿਸ ਟੂ ਦਾ ਵਿਕਟਮਸ ਆਫ ਦਾ ਡਰੱਗ ਅਬਿਊਜ਼ ਐਂਡ ਐਜੂਕੇਸ਼ਨ ਆਫ ਡਰੱਗ ਮੈਨਸ) ਸਮੀਕ-2015 ਸਬੰਧੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਦੱਸਿਆ ਕਿ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ ਕੈਦੀਆਂ ਅਤੇ ਹਵਾਲਾਤੀਆਂ ਲਈ 'ਵੋਕੇਸ਼ਨਲ ਲਿਟਰੇਸੀ ਟਰੇਨਿੰਗ ਫਾਰ ਜੇਲ ਇਨਮੇਟਸ' ਮੁਹਿੰਮ ਚਲਾਈ ਗਈ ਹੈ। ਇਹ ਮੁਹਿੰਮ ਜ਼ਿਲ੍ਹਾ ਪ੍ਰਸ਼ਾਸਨ, ਗੁਰਦਾਸਪੁਰ ਦੇ ਤਾਲ-ਮੇਲ ਨਾਲ ਚਲਾਈ ਜਾ ਗਈ ਜੋ ਕਿ ਮਿਤੀ 20 ਸਤੰਬਰ ਤੋਂ ਸ਼ੁਰੂ ਕੀਤੀ ਗਈ ਅਤੇ ਅੱਜ ਸਮਾਪਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੁਹਿਮ ਦੌਰਾਨ ਕੇਂਦਰੀ ਜੇਲ੍ਹ, ਗੁਰਦਾਸਪੁਰ ਅੰਦਰ ਬੰਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਵੱਖ-ਵੱਖ ਕੋਰਸਾਂ ਜਿਵੇਂ ਕਿ ਉਸਾਰੀ ਦਾ ਕੰਮ, ਚਿਣਾਈ, ਇਲੈਕਟ੍ਰੀਕਲ ਫਿਟਿੰਗ, ਤਰਖਾਣ, ਚਮੜੇ ਦਾ ਕੰਮ, ਟੇਲਰਿੰਗ, ਕੱਪੜਿਆਂ ਦਾ ਨਿਰਮਾਣ, ਖੇਤੀਬਾੜੀ, ਬਾਗਬਾਨੀ, ਫੁੱਲਾਂ ਦੀ ਖੇਤੀ ਅਤੇ ਬੇਕਰੀ ਆਦਿ ਕੋਰਸਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਜਾਗਰੂਕ ਕੀਤਾ ਗਿਆ ਅਤੇ ਕੋਰਸਾਂ ਸਬੰਧੀ ਟ੍ਰੇਨਿੰਗ ਦਿੱਤੀ ਗਈ ਤਾਂ ਜੋ ਕੈਦੀਆਂ ਅਤੇ ਹਵਾਲਾਤੀਆਂ ਨੂੰ ਹੁਨਰਮੰਦ ਬਣਾਇਆ ਜਾ ਸਕੇ।

ਮੰਡੀਆਂ ਵਿੱਚੋਂ 105597 ਮੀਟਰਿਕ ਟਨ ਝੋਨੇ ਦੀ ਕਰਵਾਈ ਲਿਫਟਿੰਗ

ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ) - ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਨਿਰਵਿਘਨ ਜਾਰੀ ਹੈ। ਬੀਤੀ ਸ਼ਾਮ ਤੱਕ 214817 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਹੈ ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 206669 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੰਡੀਆਂ ਵਿੱਚ ਖਰੀਦੇ ਗਏ ਝੋਨੇ ਦੀ ਅਦਾਇਗੀ ਵਜੋਂ ਕਿਸਾਨਾਂ ਨੂੰ 410.84 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਖਰੀਦ ਏਜੰਸੀਆਂ ਵੱਲੋਂ 105597 ਮੀਟਰਿਕ ਟਨ ਝੋਨੇ ਦੀ ਲਿਫਟਿੰਗ ਕਰਵਾਈ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੰਡੀਆਂ ਵਿੱਚ ਖਰੀਦੇ ਗਏ ਕੁੱਲ ਝੋਨੇ ਵਿੱਚੋਂ ਪਨਗ੍ਰੇਨ ਵੱਲੋਂ 79776 ਮੀਟਰਿਕ ਟਨ, ਮਾਰਕਫੈੱਡ ਵੱਲੋਂ 58180 ਮੀਟਰਿਕ ਟਨ, ਪਨਸਪ ਵੱਲੋਂ 45086 ਮੀਟਰਿਕ ਟਨ ਅਤੇ ਵੇਅਰ ਹਾਊਸ ਵੱਲੋਂ 23627 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਕਿਹਾ ਹੈ ਕਿ ਉਹ ਪੂਰੀ ਤਰਾਂ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਜ਼ਿਲੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਪ੍ਰਦੂਸ਼ਣ ਨੂੰ ਠੱਲ ਪਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ ਅਤੇ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਵਾਹੁਣ ਨੂੰ ਤਰਜੀਹ ਦਿੱਤੀ ਜਾਵੇ।

ਪਬਲਿਕ ਸਕੂਲ ਰਾਣੀ ਵਲਾਹ ਦੇ ਵਿਦਿਆਰਥੀ ਨੂੰ ਗੁਰਬਾਣੀ ਕੰਠ ਮੁਕਾਬਲੇ 'ਚ ਪਹਿਲਾ ਸਥਾਨ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)- ਭਾਈ ਗੁਰਦਾਸ ਅਕੈਡਮੀ ਵਲੋਂ ਸਿੰਘ ਸਭਾ ਲਹਿਰ ਨੂੰ ਸਮਰਪਤ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਗੁਰਬਾਣੀ ਕੰਠ, ਕੀਰਤਨ, ਕਵੀਸ਼ਰੀ, ਪ੍ਰਸ਼ਨੋਤਰੀ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦੇ ਵਿਦਿਆਰਥੀਆਂ ਨੇ ਸਾਰੇ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਪੰਜਵੀਂ ਕਲਾਸ ਦੇ ਵਿਦਿਆਰਥੀ ਹਰਸਿਮਰਤਪ੍ਰੀਤ ਸਿੰਘ ਨੇ ਗੁਰਬਾਣੀ ਕੰਠ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਭਾਈ ਗੁਰਦਾਸ ਅਕੈਡਮੀ ਵਲੋਂ ਬੱਚੇ ਨੂੰ ਨਕਦ ਇਨਾਮ ਰਾਸ਼ੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ ਐਜੂਕੇਸਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ ਅਤੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਨੇ ਬੱਚਿਆਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਜਿੱਥੇ ਸਾਡੇ ਬੱਚੇ ਵਿੱਦਿਅਕ ਖੇਤਰ ਦੇ ਨਾਲ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਵਿਚ ਭਾਗ ਲੈ ਕੇ ਮਾਣ ਵਧਾਉਣ ਵਿਚ ਯੋਗਦਾਨ ਪਾ ਰਹੇ ਹਨ ਉੱਥੇ ਛੋਟੀ ਉਮਰੇ ਗੁਰੂ ਸਾਹਿਬ ਦੇ ਦੱਸੇ ਮਾਰਗ ਗੁਰਬਾਣੀ ਵਿੱਚ ਅਥਾਹ ਵਿਸ਼ਵਾਸ ਰੱਖਦੇ ਹਨ ਅਤੇ ਧਾਰਮਿਕ ਮੁਕਾਬਲਿਆਂ ਵਿੱਚ ਭਾਗ ਲੈ ਪਹਿਲਾ ਸਥਾਨ ਪ੍ਰਾਪਤ ਕਰ ਵਿਰਸੇ ਦੇ ਵਾਰਸ ਹੋਣ ਦਾ ਸਬੂਤ ਦੇ ਰਹੇ ਹਨ।

ਆਂਗਣਵਾੜੀ ਵਰਕਰਾਂ ਨੂੰ ਮਾਨਸਿਕ ਪ੍ਰੇਸ਼ਾਨੀ ਦਿੱਤੀ ਜਾ ਰਹੀ : ਬਰਿੰਦਰਜੀਤ ਕੌਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ) - ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੀ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਡਰਾਮੇਬਾਜ਼ ਅਤੇ ਝੂਠੀਆਂ ਗਰੰਟੀਆਂ ਦੇਣ ਵਾਲੀ ਸਰਕਾਰ ਕਿਹਾ, ਕਿਉਂਕਿ ਆਂਗਣਵਾੜੀ ਹੈਲਪਰਾਂ ਤੋਂ ਵਰਕਰ ਪ੍ਰਮੋਟ ਕਰਕੇ ਉਨ੍ਹਾਂ ਨੂੰ ਦੋ ਵਾਰੀ ਰੱਦ ਦੇ ਆਰਡਰ ਦਿੱਤੇ ਗਏ । ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਹੱਥੋਂ ਨਿਯੁਕਤੀ ਪੱਤਰ ਦਿਵਾ ਕੇ ਵਿਧਾਇਕਾਂ ਦਾ ਮੁੱਲ ਜ਼ੀਰੋ ਕਰ ਦਿੱਤਾ। ਉਨ੍ਹਾਂ ਦੀ ਨੌਕਰੀ ਕੇਵਲ ਤੇ ਕੇਵਲ ਇੱਕ ਹਾਸੋਹੀਣੀ ਅਤੇ ਸਮਾਜ ਵਿੱਚ ਮਖੌਲ ਬਣ ਕੇ ਰਹਿ ਗਈ ਹੈ। ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਆਪ ਦੇ ਵਿਧਾਇਕਾਂ ਦੁਆਰਾ ਜਨਵਰੀ ਅਤੇ ਫਰਵਰੀ 2023 ਦੇ ਮਹੀਨੇ ਵਿੱਚ ਨਿਯੁਕਤੀ ਪੱਤਰ ਦਿੱਤੇ ਗਏ ਸਨ ਜੋ ਕਿ 3 ਜਨਵਰੀ 2023 ਦੀਆਂ ਹਦਾਇਤਾਂ ਅਨੁਸਾਰ ਆਂਗਣਵਾੜੀ ਹੈਲਪਰਾਂ ਤੋਂ ਵਰਕਰਾਂ ਦੀਆਂ ਪਦਉਨਤੀਆਂ ਕੀਤੀਆਂ ਗਈਆਂ ਸਨ ਜਿਹੜੀਆਂ ਕਿ ਵਿਭਾਗ ਵੱਲੋਂ ਦੂਸਰੀ ਵਾਰ ਹਦਾਇਤਾਂ 7.2.2023 ਨੂੰ ਦੁਬਾਰਾ ਬਣਾ ਕੇ ਕੈਂਸਲ ਕਰ ਦਿੱਤੀਆਂ ਗਈਆਂ। ਇਕ ਮਹੀਨਾ ਨੌਕਰੀ ਕਰਨ ਤੋਂ ਬਾਅਦ ਪ੍ਰਮੋਟ ਹੋਈਆਂ ਵਰਕਰਾਂ ਨੂੰ ਦੁਬਾਰਾ ਰੱਦ ਦੇ ਆਰਡਰ ਦਿੱਤੇ ਗਏ । 22 ਫਰਵਰੀ ਨੂੰ ਦੁਬਾਰਾ ਪੋਸਟਾਂ ਹੋਲਡ ਕਰਕੇ ਬਰਕਰਾਰ ਰੱਖੀਆਂ ਗਈਆਂ, ਹੁਣ ਹਾਲਾਤ ਅਜਿਹੇ ਬਣੇ ਹੋਏ ਹਨ ਕਿ 10 ਮਹੀਨੇ ਨੌਕਰੀ ਅਤੇ ਟ੍ਰੇਨਿੰਗ ਕਰ ਚੁੱਕੀਆਂ ਆਂਗਣਵਾੜੀ ਵਰਕਰਾਂ ਨੂੰ ਦੁਬਾਰਾ 19 ਅਕਤੂਬਰ ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਦਸ ਮਹੀਨੇ ਤੋਂ ਨੌਕਰੀ ਕਰ ਰਹੀਆਂ ਵਰਕਰਾਂ ਨੂੰ ਰੱਦ ਦੇ ਆਰਡਰ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ ਅਤੇ ਕਈ ਵਰਕਰਾਂ ਨੂੰ ਰੱਦ ਦੇ ਹੁਕਮ ਸੌਂਪ ਦਿੱਤੇ ਗਏ ਹਨ। ਆਂਗਣਵਾੜੀ ਵਰਕਰਾਂ ਨੂੰ ਮਾਨਸਿਕ ਪ੍ਰੇਸ਼ਾਨੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਲਈ ਸਮਾਜ 'ਚ ਵਿਚਰਨਾ ਬ

22-OCT-PAGE-4.qxd 10/21/2023 10:00 PM Page 1

ਸਾਂਝਾ ਅਧਿਆਪਕ ਮੋਰਚਾ ਵੱਲੋਂ ਅਰਥੀ ਫੂਕ ਮੁਜ਼ਾਹਰਾ

ਪੰਜਾਬ ਸਰਕਾਰ ਦੀ ਅਰਥੀ ਫੂਕਦੇ ਹੋਏ ਸਾਂਝਾ ਅਧਿਆਪਕ ਮੋਰਚਾ ਦੇ ਆਗੂ।

ਮੋਗਾ (ਅਮਰਜੀਤ ਬੱਬਰੀ)-ਅਧਿਆਪਕ ਵਰਗ ਦੇ ਸਾਂਝੇ ਮਸਲਿਆਂ ਨੂੰ ਲੈ ਕੇ ਰੋਹ ਵਿੱਚ ਆਏ ਅਧਿਆਪਕ ਵਰਗ ਵੱਲੋਂ ਸਾਂਝਾ ਅਧਿਆਪਕ ਮੋਰਚਾ ਦੇ ਸੱਦੇ 'ਤੇ ਮੋਗਾ ਵਿਖੇ ਜੱਜਪਾਲ ਸਿੰਘ ਬਾਜੇ ਕੇ, ਸੁਖਜਿੰਦਰ ਮੋਗਾ ਗੁਰਵਿੰਦਰ ਮਹਿਲ, ਹਰਜੰਟ ਬੌਡੇ, ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਤੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਮੰਗ ਕੀਤੀ ਕਿ ਪੰਜਾਬ ਸਰਕਾਰ ਮੁਲਾਜ਼ਮ ਮਾਰੂ ਫੈਸਲਿਆਂ ਨੂੰ ਨੱਥ ਪਾਵੇ, ਨਹੀਂ ਤਾਂ ਉਸ ਨੂੰ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ।ਇਸ ਮੌਕੇ ਅਧਿਆਪਕ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਧਿਆਪਕ ਬਦਲੀ ਨੀਤੀ ਨੂੰ ਛਿੱਕੇ ਟੰਗ ਕੇ ਅਧਿਆਪਕਾਂ ਦੀਆਂ ਦੂਰ-ਦੁਰਾਡੇ ਦੇ ਐਮੀਨੈਂਸ ਸਕੂਲਾਂ 'ਚ ਜਬਰੀ ਕੀਤੀਆਂ ਬਦਲੀਆਂ ਦੇ ਵਿਰੋਧ, ਅਧਿਆਪਕਾਂ ਨੂੰ ਰੈਗੂਲਰ ਕਰਨ ਦੀ ਬਜਾਏ ਸਿਰਫ ਮਾਣ ਭੱਤਾ ਵਧਾ ਕੇ ਡੰਗ ਟਪਾਉਣ ਦੇ ਵਿਰੋਧ ਅਤੇ 15-01-2015 ਦੇ ਨੋਟੀਫਿਕੇਸ਼ਨ ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਰੱਦ ਕਰਕੇ ਪਰਖ ਸਮੇਂ 'ਚ ਪੂਰੀ ਤਨਖਾਹ ਦੇਣ ਦੇ ਦਿੱਤੇ ਫੈਸਲੇ ਨੂੰ ਲਾਗੂ ਨਾ ਕਰਨ ਦੇ ਵਿਰੋਧ, ਪੁਰਾਣੀ ਪੈਨਸ਼ਨ ਲਾਗੂ ਨਾ ਕਰਨ, ਅਧਿਆਪਕਾਂ ਦੀਆਂ ਰਹਿੰਦੀਆਂ ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨ, ਕੱਟੇ ਹੋਏ ਬਾਰਡਰ ਏਰੀਆ ਤੇ ਪੇਂਡੂ ਏਰੀਆ ਭੱਤਾ ਜਾਰੀ ਕਰਨ ਅਤੇ ਅਧਿਆਪਕ ਮੁਲਾਜ਼ਮਾਂ ਦੀਆਂ ਹੋਰ ਹੱਕੀ ਮੰਗਾਂ ਨਾ ਮੰਨਣ ਦੇ ਵਿਰੋਧ ਵਜੋਂ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਦਿੱਤੇ ਐਕਸ਼ਨ ਅਨੁਸਾਰ ਅੱਜ ਪੰਜਾਬ ਸਰਕਾਰ ਦਾ ਅਰਥੀ ਫੂਕ ਕੇ ਰੋਸ ਮੁਜ਼ਾਰਾ ਕੀਤਾ ਹੈ।ਇਸ ਮੌਕੇ ਜਸਵਿੰਦਰ ਸਿੰਘ ਗਰਚਾ, ਜਸਪਾਲ ਚੰਦ ਨੰਗਲ, ਜਸਪਾਲ, ਸ੍ਰ. ਕੇਵਲ ਸਿੰਘ ਮੈਡਮ, ਮਨਦੀਪ ਕੌਰ ਅਤੇ ਮੈਡਮ ਸਪਨਾ ਉਚੇਚੇ ਤੌਰ 'ਤੇ ਹਾਜ਼ਰ ਸਨ।

ਮਜ਼ਦੂਰ ਮੁਕਤੀ ਮੋਰਚਾ ਮੁੱਖ ਮੰਤਰੀ ਵੱਲੋਂ ਪਹਿਲੀ ਨੂੰ ਰੱਖੀ ਖੁੱਲ੍ਹੀ ਬਹਿਸ 'ਚ ਹੋਵੇਗਾ ਸ਼ਾਮਲ : ਸਮਾਓਂ

ਮਾਨਸਾ (ਪਮਾਰ)-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਲੁੱਟਣ ਤੇ ਪਾਣੀਆਂ, ਪੰਜਾਬ ਮਸਲਿਆਂ ਤੇ ਰਾਜ ਕਰ ਚੁੱਕੀਆਂ ਵਿਰੋਧੀ ਧਿਰਾਂ ਦੇ ਆਗੂਆਂ ਨੂੰ 1 ਨਵੰਬਰ ਨੂੰ ਖੁੱਲ੍ਹੀ ਬਹਿਸ ਕਰਨ ਦੇ ਦਿੱਤੇ ਸੱਦੇ ਤੋਂ ਭਾਵੇਂ ਬਾਦਲ, ਕਾਂਗਰਸੀ, ਭਾਜਪਾ ਦੇ ਲੀਡਰ ਬਹਿਸ ਕਰਨ ਤੋਂ ਭੱਜ ਗਏ ਹਨ, ਪਰ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਪੰਜਾਬ ਦੇ ਲੁੱਟੇ ਪੁੱਟੇ ਗਏ ਦਲਿਤਾਂ, ਗਰੀਬਾਂ ਦੀ ਹੋ ਰਹੀ ਦੁਰਦਸ਼ਾ ਦੀ ਦਾਸਤਾਨ ਲੈ ਕੇ ਮੁੱਖ ਮੰਤਰੀ ਮਾਨ ਵੱਲੋਂ ਰੱਖੀ ਖੁੱਲ੍ਹੀ ਬਹਿਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਹੈ। ਪ੍ਰੈੱਸ ਬਿਆਨ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਪੰਜਾਬ ਦੀ ਸੱਤਾ ਉੱਪਰ ਵਾਰ ਵਾਰ ਰਾਜ ਕਰਨ ਵਾਲੇ ਅਕਾਲੀ ਤੇ ਕਾਂਗਰਸੀਆਂ ਦੇ ਲੁੱਟ ਤੇ ਜਬਰ ਦੇ ਵਿਰੋਧ ਦਾ ਫਾਇਦਾ ਚੁੱਕ ਕੇ ਮੁਕਤੀ ਤੇ ਲੋਕ ਪੱਖੀ ਬਦਲਾਅ ਲਿਆਉਣ ਦੇ ਨਾਅਰੇ ਹੇਠ ਸੱਤਾ ਤੇ ਕਾਬਜ਼ ਆਪ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਮਾਨ ਨੇ ਆਪਣੇ 15 ਮਹੀਨੇ ਦੇ ਕਾਰਜ ਕਾਲ ਵਿੱਚ ਸਾਬਿਤ ਕਰ ਦਿੱਤਾ ਕਿ ਚੋਣਾਂ ਤੋਂ ਪਹਿਲਾਂ ਦਿਖਾਏ ਗਏ ਸੁਪਨੇ ਤਾਂ ਸਿਰਫ ਡਰਾਮਾ ਹੀ ਸਨ। ਇਸ ਲਈ ਅਕਾਲੀ, ਕਾਂਗਰਸ ਤੇ ਆਪ ਸਰਕਾਰ ਵੀ ਪੁਰਾਣੇ ਹਾਕਮਾਂ ਤੋਂ ਵੱਖਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ, ਪੰਜਾਬੀਅਤ, ਪਾਣੀ, ਪੰਥ ਤੇ ਪੱਤ ਨੂੰ ਰੋਲਣ ਸੱਤਾਧਾਰੀ ਹਾਕਮ ਮੁੱਖ ਜ਼ੁੰਮੇਵਾਰ ਹਨ। ਮੁੱਖ ਮੰਤਰੀ ਮਾਨ ਵੱਲੋਂ ਰੱਖੀ ਖੁੱਲ੍ਹੀ ਬਹਿਸ ਨੂੰ ਨਾਟਕ ਦੱਸਣ ਵਾਲੇ ਲੀਡਰ ਆਪਣੀ ਚਮੜੀ ਬਚਾਉਣ ਲਈ ਬਹਿਸ ਤੋਂ ਭਗੌੜੇ ਹੋਏ ਹਨ।

ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀ ਦਿਹਾੜੀ 8 ਘੰਟੇ ਦੀ ਥਾਂ 12 ਘੰਟੇ ਕਰਕੇ ਮੁੱਖ ਮੰਤਰੀ ਮਾਨ ਦਾ ਘੋਰ ਦਲਿਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਹਾਕਮਾਂ ਨੂੰ ਲੁਟੇਰੇ ਕਹਿਣ ਵਾਲਾ ਮੁੱਖ ਮੰਤਰੀ ਮਾਨ ਖੁਦ ਕਿਵੇਂ ਕੇਜਰੀਵਾਲ ਦੀ ਮਸ਼ਹੂਰੀ ਲਈ ਪੰਜਾਬ ਨੂੰ ਕਰਜ਼ਾਈ ਕਰ ਰਿਹਾ ਹੈ ਅਤੇ ਮਜ਼ਦੂਰਾਂ ਦੀ ਬਲੀ ਦੇ ਕੇ ਪੰਜਾਬ ਦੀ ਧਰਤੀ 'ਤੇ ਕਾਰਖਾਨੇ ਲਾਉਣਾ ਤੇ ਮੋਦੀ ਵੱਲੋਂ ਫੌਜ ਵਿੱਚ ਲਿਆਂਦੀ ਆਗਨੀਵੀਰ ਦੀ ਭਰਤੀ ਲਾਗੂ ਕਰਵਾ ਕੇ ਪੰਜਾਬ ਦੀ ਜਵਾਨੀ ਨੂੰ ਸਰਹੱਦਾਂ ਉਪਰ ਰੋਲਣ ਵਰਗੇ ਮੁੱਦਿਆਂ 'ਤੇ ਵੀ ਮੁੱਖ ਮੰਤਰੀ ਮਾਨ ਨੂੰ ਬਹਿਸ ਕਰਨੀ ਚਾਹੀਦੀ ਹੈ। ਮਜ਼ਦੂਰ ਆਗੂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਨੂੰ ਪੰਜਾਬ ਦੇ ਲੁੱਟੇ ਪੁੱਟੇ ਗਏ ਬੇਜ਼ਮੀਨੇ ਦਲਿਤਾਂ, ਗਰੀਬਾਂ ਦੀ ਦੁੱਖ ਭਰੀ ਕਹਾਣੀ ਉੱਪਰ ਖੁੱਲ੍ਹੀ ਬਹਿਸ ਕਰਨੀ ਚਾਹੀਦੀ ਹੈ।

ਭਲਕੇ ਫੂਕਣਗੇ ਕੰਪਿਊਟਰ ਅਧਿਆਪਕ ਪੰਜਾਬ ਸਰਕਾਰ ਦੀਆਂ ਅਰਥੀਆਂ

ਬਰਨਾਲਾ (ਰਾਜਿੰਦਰ ਬਰਾੜ)-ਬਦੀ 'ਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਦੁਸਹਿਰੇ ਦੇ ਤਿਉਹਾਰ ਮੌਕੇ ਪੰਜਾਬ ਸਰਕਾਰ ਦੇ ਲਾਰਿਆਂ ਤੇ ਟਾਲ-ਮਟੋਲ ਅਤੇ ਲਾਰੇ ਲੱਪੇ ਦੀ ਨੀਤੀ ਤੋਂ ਤੰਗ ਕੰਪਿਊਟਰ ਅਧਿਆਪਕ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਪ੍ਰਦੀਪ ਕੁਮਾਰ ਤੇ ਸੂਬਾ ਮੀਤ ਪ੍ਰਧਾਨ ਸਿਕੰਦਰ ਸਿੰਘ ਨੇ ਕੰਪਿਊਟਰ ਅਧਿਆਪਕਾਂ ਦੇ ਰੈਗੂਲਰ ਲਿਖਤ ਨਿਯੁਕਤੀ ਪੱਤਰਾਂ ਤੇ ਲਿਖਤ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਨ ਦਾ ਦੋਸ਼ ਲਗਾਇਆ ਗਿਆ। ਜਥੇਬੰਦੀ ਦੇ ਆਗੂਆਂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬੇਸ਼ੱਕ 2011 ਵਿੱਚ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿੱਚ ਨਿਯੁਕਤੀ ਪੱਤਰਾਂ ਅਨੁਸਾਰ ਪੰਜਾਬ ਸਿਵਲ ਸਰਵਿਸ ਸੇਵਾਵਾਂ ਨਿਯਮਾਂ ਤਹਿਤ ਰੈਗੂਲਰ ਕਰ ਦਿੱਤਾ, ਪਰ 13 ਸਾਲ ਬੀਤਣ ਉਪਰੰਤ ਵੀ ਪੰਜਾਬ ਸਿਵਲ ਸਰਵਿਸ ਸੇਵਾ ਨਿਯਮ ਪੂਰਨ ਰੂਪ ਵਿੱਚ ਕੰਪਿਊਟਰ ਅਧਿਆਪਕਾਂ 'ਤੇ ਲਾਗੂ ਨਹੀਂ ਕੀਤੇ ਗਏ, ਜਿਸ ਸਬੰਧੀ ਵਰਤਮਾਨ ਪੰਜਾਬ ਸਰਕਾਰ ਨਾਲ 35 ਤੋਂ ਵੱਧ ਮੀਟਿੰਗਾਂ ਹੋ ਚੁੱਕੀਆਂ ਹਨ, ਜਿਸ ਵਿੱਚ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਵੀ ਹੱਲ ਨਹੀਂ ਕੀਤਾ ਜਾ ਰਿਹਾ ਹੈ, ਹੁਣ ਤਾਂ ਨੌਬਤ ਇਹ ਹੈ ਕਿ ਪੰਜਾਬ ਸਰਕਾਰ ਮਸਲਿਆਂ ਦਾ ਹੱਲ ਕੱਢਣ ਦੀ ਬਜਾਏ ਮੀਟਿੰਗਾਂ ਤੋਂ ਵੀ ਮੁਕਰਨ ਲੱਗ ਪਈ ਹੈ, ਜਿਸ ਦੇ ਵਿਰੋਧ 'ਚ 23 ਅਕਤੂਬਰ ਨੂੰ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਕੀਤੇ ਗਏ ਵਾਅਦਿਆਂ ਨੂੰ ਜਨਤਕ ਕੀਤਾ ਜਾਵੇਗਾ। ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਮਨਵਾਉਣ ਲਈ ਆਰ-ਪਾਰ ਦੇ ਸੰਘਰਸ਼ ਰਾਹੀਂ 29 ਅਕਤੂਬਰ ਦੀ ਰੈਲੀ ਗੁਪਤ ਰੂਪ ਕੀਤੀ ਜਾਵੇਗੀ, ਜਿਸ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਭਾਰੀ ਗਿਣਤੀ ਵਿੱਚ ਕੰਪਿਊਟਰ ਅਧਿਆਪਕ ਹਾਜ਼ਰ ਸਨ।

ਸੇਂਟੀਨਲ ਇੰਟਰਨੈਸ਼ਨਲ ਸਕੂਲ 'ਚ ਮਨਾਇਆ ਦੁਸਹਿਰਾ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਸੇਂਟੀਨਲ ਇੰਟਰਨੈਸ਼ਨਲ ਸਕੂਲ ਵਿਖੇ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਅਗਵਾਈ ਹੇਠ ਮਨਾਏ ਇਸ ਤਿਉਹਾਰ 'ਚ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ ਨੇ ਰਾਮ, ਸੀਤਾ, ਲਛਮਣ ਤੇ ਹਨੂੰਮਾਨ ਜੀ ਨਾਲ ਸਬੰਧਤ ਪਹਿਰਾਵੇ ਪਹਿਨ ਕੇ ਰਾਮਲੀਲ੍ਹਾ ਵਿਖਾਈ। ਬੱਚਿਆਂ ਦੁਆਰਾ ਕਵਿਤਾਵਾਂ, ਭਾਸ਼ਣ ਆਦਿ ਪੇਸ਼ ਕੀਤੇ ਗਏ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਸ਼੍ਰੀ ਰਾਮ ਤੇ ਰਾਵਣ ਦੇ ਚਰਿਤਰ ਤੋਂ ਜਾਣੂ ਕਰਵਾਉਂਦਿਆਂ ਦੁਸਹਿਰੇ ਦੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਕਿ ਦੁਸਹਿਰਾ ਜਾਂ ਵਿਜੇ ਦਸ਼ਮੀ (ਫਤਹਿ ਦਾ ਦਿਹਾੜਾ) ਹਿੰਦੂਆਂ ਦਾ ਇੱਕ ਪ੍ਰਮੁੱਖ ਤਿਉਹਾਰ ਹੈ। ਅੱਸੂ (ਕੁਆਰ) ਮਹੀਨੇ ਦੇ ਸ਼ੁਕਲ ਪੱਖ ਦੀ ਦਸਮੀ ਤਿਥੀ ਨੂੰ ਇਸ ਦਾ ਅਯੋਜਨ ਹੁੰਦਾ ਹੈ। ਭਗਵਾਨ ਰਾਮ ਨੇ ਇਸ ਦਿਨ ਰਾਵਣ ਦਾ ਵਧ ਕੀਤਾ ਸੀ। ਇਸ ਨੂੰ ਬੁਰਾਈ ਉੱਤੇ ਸੱਚਾਈ ਦੀ ਵਿਜੈ ਦੇ ਰੂਪ 'ਚ ਮਨਾਇਆ ਜਾਂਦਾ ਹੈ। ਇਸ ਲਈ ਇਸ ਦਸਮੀ ਨੂੰ ਵਿਜੈਦਸਮੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਮੌਕੇ ਸਕੂਲ ਦੇ ਸਮੂਹ ਵਿਦਿਆਰਥੀ ਤੇ ਸਟਾਫ ਸ਼ਾਮਲ ਸੀ।

ਘਰਾਂ ਦੇ ਆਲੇ-ਦੁਆਲੇ ਖੜੇ ਪਾਣੀ 'ਚ ਹੁੰਦੀ ਹੈ ਡੇਂਗੂ ਦੇ ਮੱਛਰ ਦੀ ਪੈਦਾਵਾਰ : ਡਾ. ਕਟਾਰੀਆ

ਲੁਧਿਆਣਾ (ਰਾਜ ਸਿੰਗਲਾ)-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸਹਾਇਕ ਸਿਵਲ ਸਰਜਨ ਡਾ. ਵਿਵੇਕ ਕਟਾਰੀਆ ਦੇ ਹੁਕਮਾਂ ਤਹਿਤ ਜ਼ਿਲ੍ਹੇ ਭਰ ਵਿੱਚ ਡੇਂਗੂ ਤੋਂ ਬਚਾਅ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਕਟਾਰੀਆ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਡੇਂਗੂ ਦੇ ਬਚਾਅ ਸਬੰਧੀ ਫੀਵਰ ਸਰਵੇ ਤੇ ਜਾਗਰੂਕਤਾ ਗਤੀਵਿਧੀਆਂ ਕੀਤਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਬੀਤੇ ਦਿਨ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਰਾਜਗੁਰੂ ਨਗਰ ਵਿਖੇ ਬੱਚਿਆਂ ਨੂੰ ਜਾਣਕਾਰੀ ਦਿੰਦੇ ਮਾਸ ਮੀਡੀਆ ਟੀਮ ਨੇ ਦੱਸਿਆ ਕਿ ਘਰਾਂ ਦੀ ਛੱਤਾਂ 'ਤੇ ਪਏ ਟਾਇਰਾਂ, ਟੂੱਟੇ ਭੱਜੇ ਬਰਤਨਾਂ ਤੇ ਹੋਰ ਥਾਂਵਾਂ 'ਤੇ ਪਾਣੀ ਖੜਾ ਹੋਣ ਨਾਲ ਡੇਂਗੂ ਮੱਛਰ ਪੈਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਘਰਾਂ ਤੇ ਦਫਤਰਾਂ ਵਿੱਚ ਕੂਲਰਾਂ, ਕਟੇਰਨਾਂ, ਬਰਤਨਾਂ, ਛੱਤਾਂ ਤੇ ਘਰਾਂ ਆਦਿ ਦੇ ਆਲੇ ਦੁਆਲੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ। ਉਨ੍ਹਾ ਦੱਸਿਆ ਕਿ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੀ ਡੇਂਗੂ ਦੀ ਬਿਮਾਰੀ ਹੁੰਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ, ਉਲਟੀਆਂ ਆਉਣਾ, ਅੱਖਾਂ ਤੇ ਪਿਛਲੇ ਹਿੱਸੇ ਵਿੱਚ ਦਰਦ, ਜੋੜਾਂ ਤੇ ਹੱਡੀਆਂ ਵਿੱਚ ਦਰਦ ਆਦਿ ਦੇ ਲੱਛਣ ਹੋਣ ਤਾਂ ਨੇੜੇ ਦੀ ਸਿਹਤ ਸੰਸਥਾ ਵਿੱਚ ਜਾ ਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਮੱਛਰ ਦੇ ਕੱਟਣ ਤੋਂ ਬਚਾਅ ਲਈ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ ਤੇ ਸੌਣ ਸਮੇਂ ਮੱਛਰ ਭਜਾਊ ਕਰੀਮਾਂ ਤੇ ਮੱਛਰਦਾਨੀਆਂ ਦਾ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ। ਡੇਂਗੂ ਦੀ ਜਾਂਚ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁਫ਼ਤ ਕੀਤੀ ਜਾਂਦੀ ਹੈ।

ਅੱਖਾਂ ਦੇ ਮੁਫ਼ਤ ਕੈਂਪ 'ਚ 40 ਮਰੀਜ਼ ਆਪ੍ਰੇਸ਼ਨ ਲਈ ਚੁਣੇ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਰਤੀਪੁਰ ਰੋਡ 'ਤੇ ਸਥਿਤ ਮਾਤਾ ਰਾਣੀ ਮੰਦਰ ਵਿਖੇ ਸਮਾਜ ਸੇਵੀ ਕਾਰਜਾਂ ਵਿੱਚ ਜੁਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ ਐੱਨ ਜੀ ਓ ਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਸ਼੍ਰੀ ਦੁਰਗਾ ਸ਼ਕਤੀ ਮੰਦਰ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਮੁਫ਼ਤ ਅੱਖਾਂ ਦੇ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਇਸ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ 150 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ 40 ਮਰੀਜ਼ ਆਪ੍ਰੇਸ਼ਨ ਲਈ ਭੇਜੇ ਗਏ, ਜਿਨ੍ਹਾਂ ਦਾ ਮੁਫ਼ਤ ਆਪ੍ਰੇਸ਼ਨ ਕਰ ਕੇ ਲੈਂਜ਼ ਪਾਏ ਜਾਣਗੇ। ਉਨ੍ਹਾ ਦੱਸਿਆ ਕਿ ਇਹ ਕੈਂਪ ਹਰੇਕ ਮਹੀਨੇ ਲਗਾਇਆ ਜਾਂਦਾ ਹੈ, ਜਿਸ ਵਿੱਚ ਮਰੀਜ਼ ਆਪਣੀਆਂ ਅੱਖਾਂ ਦੀ ਜਾਂਚ ਮੁਫ਼ਤ ਕਰਵਾ ਸਕਦੇ ਹਨ। ਇਸ ਮੌਕੇ ਸਬ-ਇੰਸਪੈਕਟਰ ਕੁਲਜੀਤ ਸਿੰਘ ਗਿੱਲ, ਨੰਬਰਦਾਰ ਰੌਸ਼ਨ ਹੰਸ, ਪ੍ਰੋ. ਬਲਦੀਪ ਕੌਰ, ਜਗਦੀਸ਼ ਚਾਨਣਾ, ਮਿੰਕੂ ਹੰਸ, ਲਵਰੀਸ਼ ਸ਼ਰਮਾ, ਪਰਮਦੀਪ ਪਾਲ ਸਿੰਘ, ਜਗਤਾਰ ਸਿੰਘ ਜੱਸੋਵਾਲ, ਲਾਲੀ ਪਾਮੇ, ਨੀਰਜ ਮੱਟੂ, ਜਸ਼ਨ ਪਾਮੇ, ਸਨੀ ਓਹਰੀ, ਪਵਨ ਕੁਮਾਰ ਬੱਗਣ ਆਦਿ ਹਾਜ਼ਰ ਸਨ।

ਫਸਲਾਂ ਦੇ ਸਮਰਥਨ ਮੁੱਲ ਵਧਾਉਣ 'ਤੇ ਭਾਜਪਾ ਨੇ ਕੀਤਾ ਕੇਂਦਰ ਦਾ ਧੰਨਵਾਦ

ਮੋਗਾ (ਅਮਰਜੀਤ ਬੱਬਰੀ)

ਕੇਂਦਰ ਸਰਕਾਰ ਵੱਲੋਂ ਬੀਤੇ ਦਿਨੀਂ 6 ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਵਧਾਉਣ ਨਾਲ ਦੇਸ਼ ਦੇ ਨਾਲ-ਨਾਲ ਪੰਜਾਬ ਦੇ ਕਿਸਾਨਾਂ ਨੂੰ ਕਾਫੀ ਲਾਭ ਹੋਵੇਗਾ, ਕਿਉਂਕਿ ਕਣਕ ਦੇ ਨਿਉਨਤਮ ਸਮਰਥਨ ਮੁੱਲ 150 ਰੁਪਏ ਪ੍ਰਤੀ ਕੁਇੰਟਲ, ਜੌਂ ਦਾ 115 ਰੁਪਏ, ਚਨਾ 105 ਰੁਪਏ, ਦਾਲ 425 ਰੁਪਏ, ਸਰਸੋਂ 200 ਰੁਪਏ ਪ੍ਰਤੀ ਕੁਇੰਟਲ ਸਮਰਥਨ ਮੁੱਲ ਵਧਾਉਣ ਨਾਲ ਕਿਸਾਨਾਂ ਨੂੰ ਕਾਫੀ ਲਾਭ ਹੋਵੇਗਾ ਤੇ ਕਿਸਾਨਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ।

22-OCT-PAGE-5.qxd 10/21/2023 10:00 PM Page 1

ਮਾਮਲਾ ਬਖ਼ੂਸ਼ਾਹ ਦੇ ਸਰਪੰਚ ਖਿਲਾਫ ਮੁਕੱਦਮੇ ਦਾ

ਪੀੜਤ ਪਰਵਾਰ ਵੱਲੋਂ ਕਾਰਵਾਈ ਨੂੰ ਲੈ ਕੇ ਪੁਲਸ ਖਿਲਾਫ ਰੋਸ ਪ੍ਰਦਰਸ਼ਨ

■ ਸੰਬੰਧਤ ਪੁਲਸ ਅਧਿਕਾਰੀਆਂ 'ਤੇ ਲਾਏ ਗੰਭੀਰ ਦੋਸ਼

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਪਿੰਡ ਬਖ਼ੂਸ਼ਾਹ ਵਿੱਚ ਪੁਲਸ ਵੱਲੋਂ ਸਰਪੰਚ ਤੇ ਉਸ ਦੇ ਦੋ ਭਰਾਵਾਂ ਖਿਲਾਫ ਦਰਜ ਕੀਤੇ ਗਏ ਕੇਸ ਦੀ ਸੁਣਵਾਈ ਨਾ ਕਰਨ ਦੇ ਦੋਸ਼ ਲਾਉਂਦਿਆਂ ਪੀੜਤ ਪਰਿਵਾਰ ਵੱਲੋਂ ਡੀ ਸੀ ਦਫਤਰ ਫਾਜ਼ਿਲਕਾ ਅੱਗੇ ਪੁਲਸ ਖਿਲਾਫ ਧਰਨਾ ਦਿੱਤਾ ਗਿਆ। ਇਸ ਦੌਰਾਨ ਪੀੜਤ ਨੇ ਆਪਣੇ ਕੱਪੜੇ ਉਤਾਰ ਕੇ ਧਰਨਾ ਦਿੱਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਪੀੜਤ ਹਰਜਿੰਦਰ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕਰੀਬ ਦੋ ਸਾਲ ਪਹਿਲਾਂ ਉਨ੍ਹਾਂ ਦਾ ਪਿੰਡ ਦੇ ਛੱਪੜ ਦੇ ਪਾਣੀ ਨੂੰ ਲੈ ਕੇ ਪਿੰਡ ਦੇ ਮੌਜੂਦਾ ਸਰਪੰਚ ਨਾਲ ਝਗੜਾ ਹੋਇਆ ਸੀ। ਇਸ ਝਗੜੇ ਵਿੱਚ ਸਰਪੰਚ ਬਲਜਿੰਦਰ ਸਿੰਘ ਨੇ ਆਪਣੇ ਰਿਵਾਲਵਰ ਤੋਂ ਗੋਲੀ ਚਲਾਈ ਸੀ, ਜੋ ਉਸ ਦੇ ਪੱਟ ਵਿੱਚ ਲੱਗੀ। ਗੋਲੀ ਲੱਗਣ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਦਾਖਲ ਕਰਵਾਇਆ। ਇਸ ਮਗਰੋਂ ਪੁਲਸ ਵੱਲੋਂ ਦੋਸ਼ੀ ਸਰਪੰਚ ਸਮੇਤ ਉਸ ਦੇ ਦੋ ਭਰਾਵਾਂ ਖਿਲਾਫ ਧਾਰਾ 307 ਤਹਿਤ ਮੁਕੱਦਮਾ ਨੰਬਰ 258/21 ਦਰਜ ਕੀਤਾ ਗਿਆ। ਸਰਪੰਚ ਦੇ ਸਿਆਸੀ ਪ੍ਰਭਾਵ ਕਾਰਨ ਪੁਲਸ ਵੱਲੋਂ ਉਸ ਖਿ?ਲਾਫ ਕੇਸ ਦਰਜ ਕਰਨ ਮਗਰੋਂ ਪਹਿਲਾਂ ਤਾਂ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਤੇ ਉਲਟਾ ਉਸ ਵਿਰੁੱਧ ਧਾਰਾ 307 ਤਹਿਤ ਝੂਠਾ ਕੇਸ ਵੀ ਦਰਜ ਕਰਵਾ ਦਿੱਤਾ ਗਿਆ, ਜਿਸ ਤੋਂ ਬਾਅਦ ਉੱਚ ਅਧਿਕਾਰੀਆਂ ਦੇ ਵਾਰ-ਵਾਰ ਗੇੜੇ ਮਾਰਨ ਤੋਂ ਬਾਅਦ ਆਖਰਕਾਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਖਿਲਾਫ ਦਰਜ ਝੂਠਾ ਕੇਸ ਖਾਰਜ ਕਰ ਦਿੱਤਾ ਗਿਆ। ਸਰਪੰਚ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਸਬੰਧਤ ਪੁਲਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਧਾਰਾ 307 ਨੂੰ ਧਾਰਾ 336 ਵਿੱਚ ਤਬਦੀਲ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਮੁਲਜ਼ਮ ਸਰਪੰਚ ਨੂੰ ਅਦਾਲਤ ਵੱਲੋਂ ਜਮਾਨਤ ਮਿਲ ਗਈ। ਪੀੜਤ ਹਰਜਿੰਦਰ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਸਬੰਧਤ ਪੁਲਸ ਅਧਿਕਾਰੀਆਂ 'ਤੇ ਮੁਲਜ਼ਮਾਂ ਨਾਲ ਮਿਲੀਭੁਗਤ ਕਰਕੇ ਕਥਿਤ ਪੈਸੇ ਲੈਣ ਦੇ ਦੋਸ਼ ਲਾਏ ਹਨ, ਜਿਨ੍ਹਾਂ ਖਿਲਾਫ ਆਈਪੀਸੀ ਦੀ ਧਾਰਾ 307 ਨੂੰ 336 'ਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਮੌਕੇ ਸੀਪੀਆਈ ਆਗੂ ਕਾਮਰੇਡ ਸੁਬੇਗ ਸਿੰਘ, ਕੁਲਦੀਪ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੁਲਸ ਨੇ ਦੋਸ਼ੀਆਂ ਨਾਲ ਮਿਲੀਭੁਗਤ ਕਰਕੇ ਪਹਿਲਾਂ ਪੀੜਤ ਪਰਿਵਾਰ ਨੂੰ ਧਾਰਾ 307 ਦੇ ਝੂਠੇ ਕੇਸ ਵਿੱਚ ਫਸਾਇਆ। ਇਸ ਤੋਂ ਬਾਅਦ ਦੋਸ਼ੀ ਸਰਪੰਚ ਤੇ ਉਸ ਦੇ ਭਰਾਵਾਂ ਖਿਲਾਫ ਧਾਰਾ 307 ਵਿੱਚ ਸੋਧ ਕਰ ਕੇ 336 ਕਰ ਦਿੱਤੀ ਗਈ, ਜਿਸ ਕਾਰਨ ਪੀੜਤ ਪਰਿਵਾਰ ਨੇ ਉਨ੍ਹਾਂ ਦੇ ਸਹਿਯੋਗ ਨਾਲ ਫਾਜ਼ਿਲਕਾ ਪੁਲਸ ਖਿਲਾਫ ਹੜਤਾਲ ਸ਼ੁਰੂ ਕਰ ਕੇ ਰੋਸ ਪ੍ਰਦਰਸ਼ਨ ਕੀਤਾ ਹੈ।

ਉਨ੍ਹਾਂ ਮੰਗ ਕੀਤੀ ਹੈ ਕਿ ਦੋਸ਼ੀ ਸਰਪੰਚ 'ਤੇ ਪੁਲਸ ਵੱਲੋਂ ਲਗਾਈ ਗਈ ਧਾਰਾ 307 ਨੂੰ ਤੁਰੰਤ ਬਹਾਲ ਕੀਤਾ ਜਾਵੇ ਅਤੇ ਇਸ ਮਾਮਲੇ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਤਾਂ ਜੋ ਪੀੜਤ ਪਰਿਵਾਰ ਨੂੰ ਇਨਸਾਫ ਮਿਲ ਸਕੇ। ਇਸ ਸਬੰਧੀ ਜਦੋਂ ਐੱਸਪੀਡੀ ਫਾਜ਼ਿਲਕਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਬਣਾਈ ਗਈ ਐੱਸਆਈਟੀ ਆਪਣੀ ਜਾਂਚ ਕਰ ਰਹੀ ਹੈ ਅਤੇ ਜਾਂਚ ਅਨੁਸਾਰ ਕਾਰਵਾਈ ਕਰੇਗੀ।

ਕੈਨੇਡਾ 'ਚ ਸੜਕ ਹਾਦਸੇ 'ਚ ਸੇਲਵਾਲਾ ਦੇ ਨੌਜਵਾਨ ਦੀ ਮੌਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਵਾਪਰੇ ਸੜਕ ਹਾਦਸੇ 'ਚ ਪਟਿਆਲਾ ਜ਼ਿਲ੍ਹੇ ਦੇ ਪਾਤੜਾਂ ਉਪ ਮੰਡਲ ਦੇ ਪਿੰਡ ਸੇਲਵਾਲਾ ਦੇ ਇਕ ਨੌਜਵਾਨ ਦੀ ਦਰਦਨਾਕ ਮੌਤ ਹ�و ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੇ ਪਿਤਾ ਜਸਪਾਲ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਤਰਵਿੰਦਰ ਸਿੰਘ ਕਰੀਬ 13 ਮਹੀਨੇ ਪਹਿਲਾਂ ਕੈਨੇਡਾ ਗਿਆ ਸੀ ਤੇ ਵਰਕ ਪਰਮਿਟ 'ਤੇ ਕੰਮ ਕਰਦਾ ਸੀ। ਸ਼ੁੱਕਰਵਾਰ ਨੂੰ ਜਦੋਂ ਉਹ ਕੰਮ ਤੋਂ ਵਾਪਸ ਆ ਰਿਹਾ ਸੀ ਤਾਂ ਲਾਲ ਬੱਤੀ 'ਤੇ ਖੜੀ ਉਸ ਦੀ ਕਾਰ ਦੇ ਪਿੱਛੇ ਇਕ ਟਰੱਕ ਖੜਾ ਸੀ ਤਾਂ ਉਸ ਦੇ ਪਿੱਛੇ ਤੋਂ ਆ ਰਹੇ ਤੇਜ਼ ਰਫਤਾਰ ਟਰੱਕ ਨੇ ਉਸ ਦੇ ਪਿੱਛੇ ਖੜੇ ਟਰੱਕ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਕਾਰ ਦੇ ਪਿੱਛੇ ਖੜਾ ਟਰੱਕ ਕਾਰ 'ਤੇ ਜਾ ਡਿੱਗਿਆ। ਇਸ ਹਾਦਸੇ ਵਿੱਚ ਉਸ ਦੇ ਜਵਾਨ ਪੁੱਤਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਣਯੋਗ ਹੈ ਕਿ ਨੌਜਵਾਨ ਦਾ ਕਰੀਬ 2 ਸਾਲ ਪਹਿਲਾਂ ਵਿਆਹ ਹੋਇਆ ਸੀ ਤੇ ਉਹ ਆਪਣੀ ਪਤਨੀ ਦੇ ਆਧਾਰ 'ਤੇ ਓਪਨ ਵਰਕ ਪਰਮਿਟ 'ਤੇ ਕੈਨੇਡਾ ਗਿਆ ਸੀ। ਪਿੰਡ ਦੇ ਸਰਪੰਚ ਸੂਬਾ ਸਿੰਘ ਤੇ ਬਿੱਕਰ ਸਿੰਘ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਦੇਹ ਨੂੰ ਭਾਰਤ ਲਿਆਂਦਾ ਜਾਵੇ।

ਮ੍ਰਿਤਕ ਨੌਜਵਾਨ ਤਰਵਿੰਦਰ ਸਿੰਘ।

ਕੁਲਬੀਰ ਜ਼ੀਰਾ ਦੀ ਜ਼ਮਾਨਤ ਖਾਰਜ

ਜ਼ੀਰਾ (ਨਰਿੰਦਰ ਅਨੇਜਾ)

ਪਿਛਲੇ ਦਿਨੀਂ ਕਾਂਗਰਸ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਬੀ ਡੀ ਪੀ ਓ ਦਫਤਰ ਧਰਨਾ ਲਗਾਇਆ ਸੀ, ਉਸੇ ਤਹਿਤ ਜ਼ੀਰਾ ਦੇ ਬੀਡੀਪੀਓ ਨੇ ਥਾਣਾ ਸਿਟੀ ਜ਼ੀਰਾ ਵਿੱਚ ਸਰਕਾਰੀ ਕੰਮ ਵਿੱਚ ਵਿਘਨ ਪਾਉਣ 'ਤੇ ਪਰਚਾ ਦਰਜ ਕਰਵਾ ਦਿੱਤਾ ਸ, ਜਿਸ ਦੀ ਅਦਾਲਤ ਵਿੱਚ ਜਮਾਨਤ ਵੀ ਹੋ ਗਈ ਸੀ, ਪਰ ਪੁਲਸ ਵੱਲੋਂ ਇੱਕ ਮੁਕੱਦਮਾ 751 ਦਾ ਹੋਰ ਦਰਜ ਕਰ ਦਿੱਤਾ ਸੀ, ਜਿਸ ਦੇ ਵਿਰੁੱਧ ਕੁਲਬੀਰ ਜ਼ੀਰਾ ਨੇ ਹਾਈ ਕੋਰਟ ਵਿੱਚ ਰਿਟ ਪਾਈ ਸੀ ਕਿ ਪੰਜਾਬ ਸਰਕਾਰ ਜਾਣ ਬੁੱਝ ਕੇ ਮੇਰੀ ਜਮਾਨਤ ਵਿੱਚ ਰੁਕਾਵਟ ਪੈਦਾ ਕਰ ਰਹੀ ਹੈ, ਪਰ ਸਰਕਾਰੀ ਵਕੀਲ ਨੇ ਹਾਈ ਕੋਰਟ ਦੇ ਜੱਜਾਂ ਸਾਹਮਣੇ ਦਲੀਲਾਂ ਪੇਸ਼ ਕਰਦਿਆਂ ਕਿਹਾ ਸੀ ਕਿ ਇਨ੍ਹਾਂ ਦੀ ਜਮਾਨਤ 'ਤੇ ਇਨ੍ਹਾਂ ਦੇ ਸਮਰਥਕ ਸ਼ਹਿਰ ਵਿੱਚ ਮਾਹੌਲ ਖਰਾਬ ਕਰ ਸਕਦੇ ਹਨ, ਇਸ ਕਰਕੇ ਇਨ੍ਹਾਂ ਦੀ ਜਮਾਨਤ ਦੀ ਅਰਜ਼ੀ ਰੱਦ ਕੀਤੀ ਜਾਵੇ ਤਾਂ ਇਸ ਨੂੰ ਦੇਖਦੇ ਹੋਏ ਹਾਈ ਕੋਰਟ ਨੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੀ ਜਮਾਨਤ ਨੂੰ ਖਾਰਜ ਕਰ ਦਿੱਤਾ।

ਸੀਵਰੇਜ ਦਾ ਨਾਕਸ ਪ੍ਰਬੰਧ ਸ਼ਹਿਰ ਵਾਸੀਆਂ ਨੂੰ ਤਿੱਖੇ ਸੰਘਰਸ਼ ਲਈ ਕਰ ਰਿਹੈ ਮਜਬੂਰ : ਆਗੂ

■ ਸੀਵਰੇਜ ਸਮੱਸਿਆ ਕਾਰਨ ਲੋਕ ਦੁਖੀ, ਨਗਰ ਕੌਂਸਲ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੇ ਧਾਰੀ ਚੁੱਪੀ

ਮਾਨਸਾ (ਪਮਾਰ)-ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਨਗਰ ਕੌਂਸਲ ਤੇ ਸੀਵਰੇਜ ਦੇ ਮਾੜੇ ਪ੍ਰਬੰਧਾਂ ਕਾਰਨ ਭਿਆਨਕ ਬਿਮਾਰੀਆਂ ਜਨਮ ਲੈ ਰਹੀਆਂ ਹਨ, ਚੁਣੇ ਹੋਏ ਨੁਮਾਇੰਦੇ ਆਪਣੀ ਜ਼ਿੰਮੇਵਾਰੀ ਤੋਂ ਭਜ ਰਹੇ ਜਾਪਦੇ ਹਨ। ਸਥਾਨਕ ਵਾਰਡ ਨੰਬਰ 2 ਤੇ 3 ਨੇੜੇ ਆਰੀਆਂ ਹਾਈ ਸਕੂਲ ਸੀਵਰੇਜ ਦੀ ਸਮੱਸਿਆ ਆਮ ਰਾਹਗੀਰਾਂ ਤੇ ਮੁਹੱਲਾ ਨਿਵਾਸੀਆਂ ਲਈ ਮੁਸੀਬਤ ਬਣੀ ਹੋਈ ਹੈ, ਜਿਸ ਦੇ ਹੱਲ ਸਬੰਧੀ ਵੱਖ ਵੱਖ ਆਗੂਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ, ਡਿਪਟੀ ਕਮਿਸ਼ਨਰ, ਸੀਵਰੇਜ ਬੋਰਡ ਦੇ ਅਧਿਕਾਰੀਆਂ ਤੱਕ ਪਹੁੰਚ ਕੀਤੀ ਜਾ ਚੁੱਕੀ ਹੈ, ਪ੍ਰੰਤੂ ਪਤਨਾਲਾ ਉਥੇ ਦਾ ਉਥੇ ਹੀ ਹੈ। ਨਗਰ ਕੌਂਸਲ ਦੇ ਪ੍ਰਧਾਨ ਵਿਜੇ ਸਿੰਗਲਾ, ਕੌਂਸਲਰ ਰਾਮਪਾਲ ਸਿੰਘ, ਸਮਾਜ ਸੇਵੀ ਪਾਲੀ ਠੇਕੇਦਾਰ ਤੇ ਅਮ੍ਰਿਤਪਾਲ ਗੋਗਾ ਆਦਿ ਵੱਲੋਂ ਹਾਜ਼ਰ ਲੋਕਾਂ ਵਿੱਚ ਪੁੱਜ ਕੇ ਇਸ ਦਾ ਸਾਰਥਕ ਹੱਲ ਕੱਢਣ ਲਈ ਭਰੋਸਾ ਦਿੱਤਾ ਅਤੇ ਕਿਹਾ ਕਿ ਮੁਹੱਲਾ ਨਿਵਾਸੀਆਂ ਨਾਲ ਰਲ ਕੇ ਮਸਲੇ ਦਾ ਹੱਲ ਕਰਵਾਇਆ ਜਾਵੇਗਾ।

ਸੀਵਰੇਜ ਸਬੰਧੀ ਇਕੱਤਰ ਹੋਏ ਆਗੂਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਏਟਕ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਕੁਲਵਿੰਦਰ ਉੱਡਤ, ਸੀ ਪੀ ਆਈ ਐੱਮ ਐੱਲ ਦੇ ਆਗੂ ਰਾਜਵਿੰਦਰ ਰਾਣਾ ਤੇ ਸਾਬਕਾ ਕੌਂਸਲਰ ਹਰਬੰਸ ਪੰਮੀ ਨੇ ਕਿਹਾ ਕਿ ਨਗਰ ਕੌਂਸਲ ਤੇ ਸੀਵਰੇਜ ਬੋਰਡ ਦੇ ਮਾੜੇ ਪ੍ਰਬੰਧਾਂ ਕਰਕੇ ਇਹ ਵੱਡੀ ਸਮੱਸਿਆ ਬਣ ਚੁੱਕੀ ਹੈ, ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਵੇਖ ਰਿਹਾ ਹੈ ਤੇ ਬਣਦੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਨਗਰ ਕੌਂਸਲ ਤੇ ਸੀਵਰੇਜ ਬੋਰਡ ਨੇ ਇਸ ਦਾ ਪੱਕਾ ਹੱਲ ਨਾ ਕੱਢਿਆ ਤਾਂ ਮਜਬੂਰੀ ਵੱਸ ਲੋਕਾਂ ਨੂੰ ਨਾਲ ਲੈ ਕੇ ਤਿੱਖੇ ਸੰਘਰਸ਼ ਲਈ ਮਜਬੂਰ ਹੋਣਾ ਪਏਗਾ।

ਇਸ ਮੌਕੇ ਹਰਦਿਆਲ ਭੋਲਾ, ਗੁਰਵਿੰਦਰ ਸਿੰਘ, ਰਾਜਵਿੰਦਰ ਸਿੰਘ, ਜਸਵਿੰਦਰ ਸਿੰਘ, ਪ੍ਰਦੀਪ ਸਿੰਘ, ਤਰਸੇਮ ਸਿੰਘ, ਅੰਗਰੇਜ਼ ਸਿੰਘ, ਸਮਸ਼ੇਰ ਸਿੰਘ, ਬਲਵੀਰ ਭੋਲਾ, ਅੰਗਰੇਜ਼ ਕੌਰ, ਜਸਮੇਲ ਕੌਰ, ਬਲਜਿੰਦਰ ਕੌਰ ਤੇ ਜਸਪ੍ਰੀਤ ਕੌਰ ਆਦਿ ਮੁਹੱਲਾ ਨਿਵਾਸੀ ਵੀ ਹਾਜ਼ਰ ਸਨ।

ਕਾਤਰਾਂ

ਵਿੱਕੀ ਵਸ਼ਿਸ਼ਟ ਬਣੇ 'ਆਪ' ਦੇ ਬਲਾਕ ਪ੍ਰਧਾਨ

ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)-ਆਮ ਆਦਮੀ ਪਾਰਟੀ ਦੇ ਸਥਾਨਕ ਸੀਨੀਅਰ ਆਗੂ ਰਵਿੰਦਰ ਪਾਲ ਵਿੱਕੀ ਵਸ਼ਿਸ਼ਟ ਨੂੰ ਬਲਾਕ ਲੌਂਗੋਵਾਲ ਦਾ ਪਾਰਟੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਇਹ ਜ਼ਿੰਮੇਵਾਰੀ ਦਿੰਦਿਆਂ ਉਨ੍ਹਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿੱਕੀ ਵਸ਼ਿਸ਼ਟ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਉਹ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਵਿਸ਼ਵਾਸ ਕਰਕੇ ਇਹ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਹਾਜ਼ਰ ਸੀਨੀਅਰ ਆਗੂ ਬਲਵਿੰਦਰ ਸਿੰਘ ਢਿੱਲੋਂ, ਰਾਜ ਸਿੰਘ ਰਾਜੂ, ਕਰਮ ਸਿੰਘ ਬਰਾੜ, ਸਾਬਕਾ ਪ੍ਰਧਾਨ ਮੇਲਾ ਸਿੰਘ ਸੂਬੇਦਾਰ, ਜਗਦੇਵ ਸਿੰਘ ਸਿੱਧੂ, ਸਿੰਪੀ ਧੀਮਾਨ, ਕੌਂਸਲਰ ਗੁਰਮੀਤ ਸਿੰਘ ਫੌਜੀ, ਭੀਮ ਸਿੰਘ ਬਾਵਾ, ਪ੍ਰੀਤਮ ਸਿੰਘ ਨੇ ਇਸ ਨਿਯੁਕਤੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ।

ਮੀਨਾਕਸ਼ੀ ਗਰਗ ਨਮਿੱਤ ਪਾਠ ਦਾ ਭੋਗ ਅੱਜ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਪੈਸਟੀਸਾਈਡ ਯੂਨੀਅਨ ਲੌਂਗੋਵਾਲ ਤੇ ਸ਼੍ਰੀ ਕ੍ਰਿਸ਼ਨ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਮੰਗਤ ਰਾਏ ਮੰਗੂ (ਸੁਨਾਮ ਵਾਲਿਆਂ) ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੀ ਪਤਨੀ ਮੀਨਾਕਸ਼ੀ ਗਰਗ ਦਾ ਦਿਹਾਂਤ ਹੋ ਗਿਆ। ਉਨ੍ਹਾਂ ਨਮਿੱਤ ਰੱਖੇ ਗਏ ਸ਼੍ਰੀ ਗਰੂੜ ਪੁਰਾਣ ਦੇ ਪਾਠ ਦਾ ਭੋਗ 22 ਅਕਤੂਬਰ ਨੂੰ ਕਮਿਊਨਿਟੀ ਹਾਲ ਪੱਤੀ ਝਾੜੋ ਲੌਂਗੋਵਾਲ ਵਿਖੇ ਪਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੀ ਮੀਟਿੰਗ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸਥਾਨਕ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਲੌਂਗੋਵਾਲ ਦੀ ਮੀਟਿੰਗ ਹਲਕਾ ਇੰਚਾਰਜ ਰਾਜਿੰਦਰ ਦੀਪਾ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਰਾਜਿੰਦਰ ਦੀਪਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜੋ ਵੋਟਾਂ ਬਣਾਉਣ ਲਈ 21 ਸਤੰਬਰ ਤੋਂ 15 ਨਵੰਬਰ ਤੱਕ ਦਾ ਸਮਾਂ ਤੈਅ ਕੀਤਾ ਗਿਆ ਹੈ, ਇਸ ਦੌਰਾਨ ਆਪਣੇ ਫਾਰਮ ਭਰ ਕੇ ਵੋਟਾਂ ਬਣਵਾਈਆਂ ਜਾ ਸਕਦੀਆਂ ਹਨ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ ਲਈ ਸਰਕਲ ਪੱਧਰ ਦੇ ਅਹੁਦੇਦਾਰਾਂ ਦਾ ਗਠਨ ਕੀਤਾ ਜਾਵੇਗਾ। ਇਸ ਮੌਕੇ ਜਥੇਦਾਰ ਊਦੈ ਸਿੰਘ, ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਚਹਿਲ, ਕੌਂਸਲਰ ਗੁਰਮੀਤ ਸਿੰਘ ਲੱਲੀ ਸੀਨੀਅਰ ਆਗੂ, ਮੀਤ ਪ੍ਰਧਾਨ ਰਣਜੀਤ ਸਿੰਘ, ਖੁਸ਼ਪਾਲ ਸਿੰਘ ਬੀਰਕਲਾਂ, ਬਲਕਾਰ ਸਿੰਘ ਸੰਗਾਲਾ, ਮਲਕੀਤ ਸਿੰਘ ਢਾਡੀ ਲੌਂਗੋਵਾਲ ਆਦਿ ਹਾਜ਼ਰ ਸਨ।

ਮੋਹਾਲੀ ਰੈਲੀ 'ਚ ਭਰਵੀਂ ਸ਼ਮੂਲੀਅਤ ਕਰਾਂਗੇ : ਚੌਹਾਨ/ਉੱਡਤ

ਰੋਸ ਪੰਦਰਵਾੜਾ ਤਹਿਤ ਭੂਪਾਲ ਤੇ ਖਿਆਲਾ ਕਲਾਂ 'ਚ ਰੋਸ ਪ੍ਰਦਰਸ਼ਨ

ਮਾਨਸਾ (ਪਮਾਰ)-ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਤੇ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਮਾਨ ਸਰਕਾਰ ਵੱਲੋਂ ਜਾਰੀ ਕੰਮ ਦੇ 12 ਘੰਟਿਆਂ ਵਾਲੇ ਨੋਟੀਫਿਕੇਸ਼ਨ ਖਿਲਾਫ ਰੋਸ ਪੰਦਰਵਾੜਾ ਮਨਾਉਣ ਤਹਿਤ ਖਿਆਲਾ ਕਲਾਂ ਤੇ ਭੂਪਾਲ ਵਿਖੇ ਪੰਜਾਬ ਸਰਕਾਰ ਖਿਲਾਫ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਇਸ

page-6-22-(OCTO)-2023-G-(BV).qxd 10/21/2023 10:04 PM Page 1

'ਖੇਡਾਂ ਵਤਨ ਪੰਜਾਬ ਦੀਆਂ' 'ਚ ਸੇਂਟ ਕਬੀਰ ਸਕੂਲ ਦੀਆਂ ਵਿਦਿਆਰਥਣਾਂ ਨੇ ਜਿੱਤੇ ਸੋਨੇ ਚਾਂਦੀ ਦੇ ਤਮਗੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੇ ਵਿਦਿਆਰਥੀ ਲਗਾਤਾਰ ਆਪਣੀਆਂ ਪ੍ਰਾਪਤੀਆਂ ਵਿੱਚ ਵਾਧਾ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਆਸ-ਪਾਸ ਦੇ ਇਲਾਕੇ ਵਿੱਚ ਰੌਸ਼ਨ ਕਰਦੇ ਆ ਰਹੇ ਹਨ। ਇਸੇ ਤਰ੍ਹਾਂ ਹੀ ਸ਼ਾਨਦਾਰ ਪ੍ਰਾਪਤੀਆਂ ਦੀ ਲੜੀ ਨੂੰ ਅੱਗੇ ਤੋਰਦਿਆਂ ਇੱਕ ਵਾਰ ਫਿਰ ਸਕੂਲ ਦੀਆਂ ਤਿੰਨ ਵਿਦਿਆਰਥਣਾਂ ਨੇ ਬਾਕਸਿੰਗ ਤੇ ਕਿੱਕ ਬਾਕਸਿੰਗ ਵਿੱਚੋਂ ਤਮਗੇ ਜਿੱਤ ਕੇ ਬਾਕੀ ਸਕੂਲੀ ਵਿਦਿਆਰਥੀ ਲਈ ਮਿਸਾਲ ਕਾਇਮ ਕੀਤੀ ਹੈ। ਇਸ ਸੰਬੰਧੀ ਖੁਸ਼ੀ ਸਾਂਝੀ ਕਰਦਿਆਂ ਸਕੂਲ ਪ੍ਰਿੰਸੀਪਲ ਐੱਸ.ਬੀ.ਨਾਯਰ ਨੇ ਦੱਸਿਆ ਕਿ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਬਠਿੰਡਾ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ '2023 ਦੇ ਰਾਜ ਪੱਧਰੀ ਕਰਵਾਏ ਜਾ ਰਹੇ ਮੁਕਾਬਲਿਆਂ ਵਿੱਚ ਸੇਂਟ ਕਬੀਰ ਸਕੂਲ ਦੀਆਂ ਤਿੰਨ ਵਿਦਿਆਰਥਣਾਂ ਨੇ ਬਾਕਸਿੰਗ ਮੁਕਾਬਲਿਆਂ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤ ਕੇ ਆਪਣੀ ਮਿਹਨਤ ਦਾ ਸਬੂਤ ਦਿੱਤਾ ਹੈ।

ਸਕੂਲ ਦੀ ਅਠਵੀਂ ਦੀ ਵਿਦਿਆਰਥਣ ਤਾਨੀਆ ਨੇ ਬਾਕਸਿੰਗ ਵਿੱਚੋਂ ਸੋਨ ਤਮਗਾ ਪ੍ਰਾਪਤ ਕਰਕੇ 10,000 ਰੁਪਏ ਰਾਸ਼ੀ ਦਾ ਇਨਾਮ, ਸੁਖਲੀਨ ਕੌਰ (8ਵੀਂ ਜਮਾਤ) ਨੇ ਕਾਂਸੇ ਦਾ ਤਮਗਾ ਹਾਸਲ ਕਰਕੇ 7000 ਰੁਪਏ ਰਾਸ਼ੀ ਦਾ ਇਨਾਮ ਅਤੇ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਮਾਨਵਦੀਪ ਕੌਰ ਨੇ ਬਾਕਸਿੰਗ ਵਿੱਚੋਂ ਕਾਂਸੇ ਦਾ ਤਮਗਾ ਹਾਸਲ ਕਰਕੇ 5000 ਦੀ ਇਨਾਮ ਰਾਸ਼ੀ ਹਾਸਲ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਸਕੂਲ ਦੀ ਵਿਦਿਆਰਥਣ ਤਾਨੀਆ ਨੇ ਮੁਹਾਲੀ ਵਿਖੇ ਕਿੱਕ ਬਾਕਸਿੰਗ ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚੋਂ ਵੀ ਚਾਂਦੀ ਦਾ ਤਮਗਾ ਜਿੱਤ 7000 ਦੀ ਇਨਾਮ ਰਾਸ਼ੀ ਹਾਸਲ ਕੀਤੀ ਹੈ। ਸਕੂਲ ਪਹੁੰਚਣ 'ਤੇ ਇਨ੍ਹਾਂ ਜੇਤੂ ਵਿਦਿਆਰਥੀਆਂ ਦਾ ਪ੍ਰਿੰਸੀਪਲ ਐਸ ਬੀ ਨਾਯਰ, ਮੈਨੇਜਮੈਂਟ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ, ਸਮੂਹ ਸਟਾਫ਼ ਮੈਂਬਰ ਤੇ ਸਮੁੱਚੇ ਵਿਦਿਆਰਥੀਆਂ ਦੁਆਰਾ ਹਾਰਦਿਕ ਸੁਆਗਤ ਕੀਤਾ ਗਿਆ। ਇਸ ਮੌਕੇ ਡੀ.ਪੀ ਵਿਭਾਗ ਦੇ ਅਧਿਆਪਕ ਜਤਿੰਦਰ ਕੌਰ, ਸ਼ਮਸ਼ੇਰ ਸਿੰਘ, ਰਜਿੰਦਰ ਸਿੰਘ, ਬੇਅੰਤ ਸਿੰਘ, ਮੈਡਮ ਰੇਖਾ ਆਦਿ ਸਮੇਤ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਪਟਿਆਲਾ ਦੇ ਪਿੰਡ ਮੋਹੀ ਕਲਾਂ ਨੂੰ ਜ਼ਿਲ੍ਹੇ ਦਾ ਸਭ ਤੋਂ ਸਾਫ ਸੁਥਰਾ ਪਿੰਡ ਐਲਾਨਿਆ

ਅੰਮ੍ਰਿਤਸਰ : ਆਪਣੇ ਸੀ ਐਸ ਆਰ ਬ੍ਰਾਂਡ ਪਰਿਵਰਤਨ ਅਧੀਨ ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ, ਐਚ ਡੀ ਐਫ ਸੀ ਬੈਂਕ ਨੇ ਅੱਜ ਐਲਾਨ ਕੀਤਾ ਹੈ ਕਿ ਸਵੱਛ ਭਾਰਤ ਮਿਸ਼ਨ ਤਹਿਤ ਪੰਜਾਬ ਦੇ ਪਟਿਆਲਾ ਦੇ ਪਿੰਡ ਮੋਹੀ ਕਲਾਂ ਨੂੰ ਜ਼ਿਲ੍ਹੇ ਦੇ ਸਭ ਤੋਂ ਸਾਫ-ਸੁਥਰੇ ਪਿੰਡ ਵਜੋਂ ਮਾਨਤਾ ਦਿੱਤੀ ਗਈ ਹੈ। ਬੈਂਕ ਨੇ ਗ੍ਰਾਮ ਪੰਚਾਇਤ ਦੇ ਨਾਲ-ਨਾਲ ਪਿੰਡ ਵਾਸੀਆਂ ਦੀ ਭਰਵੀਂ ਸ਼ਮੂਲੀਅਤ ਨਾਲ ਪਿੰਡ ਵਿੱਚ ਸਫਾਈ ਬਣਾਈ ਰੱਖਣ ਲਈ ਕਈ ਰਣਨੀਤੀਆਂ ਲਾਗੂ ਕੀਤੀਆਂ। ਬ੍ਰਹਮ ਸ਼ੰਕਰ ਸ਼ਰਮਾ (ਜਿੰਪਾ), ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਪੰਜਾਬ ਸਰਕਾਰ ਨੇ ਪਿੰਡ ਨੂੰ ਸਵੱਛ ਭਾਰਤ ਮਿਸ਼ਨ (ਗ੍ਰਾਮੀਣ), ਜੋ ਕਿ ਵਿਭਾਗ ਅਧੀਨ ਹੈ, ਦੇ ਤਹਿਤ ਪੁਰਸਕਾਰ ਨਾਲ ਸਨਮਾਨਤ ਕੀਤਾ।

ਨੁਸਰਤ ਪਠਾਨ, ਹੈੱਡ-ਸੀ ਐਸ ਆਰ, ਐਚ ਡੀ ਐਫ ਸੀ ਬੈਂਕ ਨੇ ਕਿਹਾ, "ਸਾਨੂੰ ਇਸ ਬਦਲਾਅ 'ਤੇ ਮਾਣ ਹੈ ਜੋ ਅਸੀਂ ਮੋਹੀ ਕਲਾਂ ਵਿੱਚ ਲਿਆਉਣ ਵਿੱਚ ਮਦਦ ਕੀਤੀ ਹੈ। ਸਰਕਾਰ ਵੱਲੋਂ ਪਿੰਡ ਨੂੰ ਪਟਿਆਲਾ ਦੇ ਸਭ ਤੋਂ ਸਾਫ-ਸੁਥਰੇ ਪਿੰਡ ਵਜੋਂ ਮਾਨਤਾ ਮਿਲਣਾ ਇਸ ਖੇਤਰ ਵਿੱਚ ਸਮਾਜ-ਸੰਚਾਲਿਤ ਪਹਿਲਕਦਮੀਆਂ ਅਤੇ ਟਿਕਾਊ ਅਭਿਆਸਾਂ ਦੀ ਸ਼ਕਤੀ ਦਾ ਪ੍ਰਮਾਣ ਹੈ।"

ਆਪ ਦੀਨਾਨਗਰ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਤੇ ਬਲਾਕ ਪ੍ਰਧਾਨਾਂ ਦੇ ਸਨਮਾਨ 'ਚ ਸਮਾਗਮ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)- ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਨਵਨਿਯੁਕਤ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਅਤੇ ਨਵਨਿਯੁਕਤ ਬਲਾਕ ਪ੍ਰਧਾਨਾਂ ਦੇ ਸਨਮਾਨ ਵਿੱਚ ਇਕ ਸਮਾਗਮ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਮੁੱਖ ਦਫਤਰ ਅੱਬੁਲਖੈਰ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਲੋਕ ਸਭਾ ਹਲਕਾ ਇੰਚਾਰਜ ਤੇ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਭਾਰਤ ਭੂਸ਼ਣ ਸ਼ਰਮਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਮਾਗਮ ਦੌਰਾਨ ਪਾਰਟੀ ਵੱਲੋਂ ਹਾਲ ਹੀ 'ਚ ਐਲਾਨੇ ਗਏ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਅਤੇ ਬਲਾਕ ਪ੍ਰਧਾਨਾਂ ਮਨਮੋਹਨ ਸਿੰਘ ਧਮਰਾਈ, ਬਚਿੱਤਰ ਸਿੰਘ ਮੰਨਾ ਸੰਧੂ, ਬਲਬੀਰ ਸਿੰਘ ਗੁੰਝੀਆਂ, ਦੀਪਕ ਚੇਚੀਆਂ, ਗੁਰਨਾਮ ਸਿੰਘ ਪੁਰਾਣਾ ਸ਼ਾਹਲਾ, ਜਸਬੀਰ ਸਿੰਘ ਕਠਿਆਲੀ, ਕਾਜਲ ਪੱਖੋਵਾਲ, ਕਸ਼ਮੀਰ ਚੰਦ, ਮਨਿੰਦਰ ਸਿੰਘ ਗੋਰਾ ਕੱਤੋਵਾਲ, ਮਸਤਾਨ ਸਿੰਘ, ਨਿਸ਼ਾਨ ਸਿੰਘ ਗੁੰਝੀਆਂ, ਰਣਜੀਤ ਸਿੰਘ ਜੀਵਨਚੱਕ, ਅਰਵਿੰਦਰ ਕੁਮਾਰ, ਸੁਖਦੇਵ ਸਿੰਘ ਪਹਾੜੀਪੁਰ, ਸੁਖਜਿੰਦਰ ਸਿੰਘ ਬੁਗਨਾ ਅਤੇ ਵਿਜੇ ਕੁਮਾਰ ਦੇ ਇਲਾਵਾ ਗੁਰਦਾਸਪੁਰ ਹਲਕੇ ਦੇ ਚਾਰ ਬਲਾਕ ਪ੍ਰਧਾਨਾਂ ਹੋਮ ਰਾਜ ਗਿੱਲ, ਦਲੇਰ ਸਿੰਘ, ਰਕੇਸ਼ ਕੁਮਾਰ ਅਤੇ ਹਿੱਤਪਾਲ ਨੂੰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਸਨਮਾਨਤ ਕਰਦਿਆਂ ਨਵੀਆਂ ਜ਼ਿੰਮੇਵਾਰੀਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਜਿਸ ਵਿੱਚ ਰਵਾਇਤੀ ਪਾਰਟੀਆਂ ਦੀਆਂ ਪਰਵਾਰਵਾਦ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਦੇ ਉਲਟ ਆਮ ਲੋਕਾਂ ਲਈ ਅੱਗੇ ਆਉਣ ਦੇ ਅਥਾਹ ਮੌਕੇ ਹਨ। ਉਨ੍ਹਾ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਮਿਹਨਤ, ਇਮਾਨਦਾਰੀ ਤੇ ਲਗਨ ਨਾਲ ਪਾਰਟੀ ਦੇ ਹਿੱਤ ਵਿੱਚ ਕੰਮ ਕਰਨ ਅਤੇ ਸਮਾਂ ਆਉਣ 'ਤੇ ਪਾਰਟੀ ਵਿੱਚ ਉਨ੍ਹਾਂ ਨੂੰ ਵੀ ਅੱਗੇ ਵਧਣ ਦੇ ਮੌਕੇ ਜ਼ਰੂਰ ਮਿਲਣਗੇ। ਉਨ੍ਹਾ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਅੰਦਰ ਹੋਰ ਵੀ ਨਿਯੁਕਤੀਆਂ ਕਰਨ ਦੇ ਸੰਕੇਤ ਦਿੱਤੇ । ਲੋਕ ਸਭਾ ਹਲਕਾ ਇੰਚਾਰਜ ਰਾਜੀਵ ਸ਼ਰਮਾ ਨੇ ਪਾਰਟੀ ਵਰਕਰਾਂ ਨੂੰ ਪਿੰਡਾਂ ਅੰਦਰ ਸਖਤ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਹੀ ਪਾਰਟੀ ਦੀ ਪੂੰਜੀ ਹਨ । ਉਨ੍ਹਾ ਪਾਰਟੀ ਦੇ ਨਵਨਿਯੁਕਤ ਅਹੁਦੇਦਾਰਾਂ ਤੇ ਵਰਕਰਾਂ ਨੂੰ ਆਪਣੇ ਆਪਣੇ ਪਿੰਡਾਂ ਅੰਦਰ ਡਟ ਜਾਣ ਦੀ ਅਪੀਲ ਕਰਦਿਆਂ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਲਈ ਉਹ ਪਾਰਟੀ ਦੀਆਂ ਨੀਤੀਆਂ ਅਤੇ ਕੰਮਾਂ ਨੂੰ ਘਰ ਘਰ ਪਹੁੰਚਾਉਣ। ਇਸ ਮੌਕੇ ਬੀ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਦਰਮੇਸ਼ ਕੁਮਾਰ, ਪ੍ਰਦੀਪ ਠਾਕੁਰ, ਗੁਰਨਾਮ ਸਿੰਘ ਸਿੰਘੋਵਾਲ, ਬਲਜੀਤ ਸਿੰਘ ਪੁਰਾਣਾ ਸ਼ਾਲਾ, ਸਰਪੰਚ ਮੀਨੂ, ਕਰਨੈਲ ਸਿੰਘ ਬਾਂਠਾਵਾਲਾ, ਦਲਵਿੰਦਰ ਸਿੰਘ ਕੋਠੇ ਮਜੀਠੀ, ਮੋਨੂੰ ਝਬਕਰਾ, ਸੋਨੂੰ ਸਿੰਘ, ਪਰਮਿੰਦਰ ਸੈਣੀ ਅਤੇ ਗੁੱਜਰ ਭਾਈਚਾਰੇ ਦੇ ਆਗੂ ਬਰਕਤ ਅਲੀ ਦੇ ਇਲਾਵਾ ਵੱਡੀ ਗਿਣਤੀ ਵਿੱਚ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

ਐੱਚ ਡੀ ਐੱਫ ਸੀ ਬੈਂਕ ਨੇ ਬੈਂਕ ਦਾ ਸਭ ਤੋਂ ਤੇਜ਼ ਤਰੀਕਾ ਐਕਸਪ੍ਰੈਸਵੇ ਲਾਂਚ ਕੀਤਾ

ਅੰਮ੍ਰਿਤਸਰ : ਭਾਰਤ ਦੀ ਪ੍ਰਮੁੱਖ ਪ੍ਰਾਈਵੇਟ ਖੇਤਰ ਦੀ ਬੈਂਕ, ਐਚ ਡੀ ਐਫ ਸੀ ਬੈਂਕ ਨੇ ਬੈਂਕਿੰਗ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲਾ ਇੱਕ ਡਿਜੀਟਲ ਪਲੇਟਫਾਰਮ ਐਕਸਪ੍ਰੈਸ ਲਾਂਚ ਕੀਤਾ, ਜੋ ਗਾਹਕਾਂ ਨੂੰ ਬੈਂਕਾਂ ਨੂੰ ਸਭ ਤੋਂ ਵੱਧ ਤੇਜ਼ ਤਕਨੀਕ ਦਾ ਅਨੁਭਵ ਕਰਨ ਵਿੱਚ ਮਦਦ ਮਿਲਦੀ ਹੈ। ਐਕਸਪ੍ਰੈਸ ਪਰਸਨਲ ਲੋਨ, ਐਕਸਪ੍ਰੈਸ ਲੋਨ, ਹੋਮ ਐਕਸਪ੍ਰੈਸ ਕਾਰ ਲੋਨ, ਕ੍ਰੈਡਿਟ ਐਕਸਪ੍ਰੈਸ ਲੋਨ, ਕਾਰਡ 'ਤੇ ਐਕਸਪ੍ਰੈਸ ਲੋਨ, ਐਕਸਪ੍ਰੈਸ ਕਾਰਡ, ਜੋ ਬੱਚਤ ਖਾਤਾ, ਸੇਵਾ ਅਤੇ ਹੋਰ ਸ਼ਾਮਲ ਹਨ, ਗਾਹਕਾਂ ਦੀ ਵਿਭਿੰਨ ਤਕਨੀਕਾਂ ਨੂੰ ਪੂਰਾ ਕਰਨ ਲਈ ਡਿਜ਼ਾਈਨ ਤਿਆਰ ਕੀਤੇ ਗਏ ਹਨ। ਸ੍ਰੀ ਪਰਾਗਰਾਵ ਕੰਟਰੀ ਹੈਡ-ਪੇਮੈਂਟਸ, ਲਾਇਬਿਲਿਟੀ ਪ੍ਰੋਡੈਕਟਸ, ਉਪਭੋਗਤਾ ਫਾਈਨੈਂਸ ਅਤੇ ਮਾਰਕੀਟਿੰਗ, ਐਚ ਡੀ ਐਫ ਸੀ ਬੈਂਕ ਨੇ ਕਿਹਾ, "ਐਕਸਪ੍ਰੈਸਵੇ ਐਚ ਡੀ ਐਫ ਸੀ ਬੈਂਕ ਦੇ ਗਾਹਕ-ਕੇਂਕਿਤ ਨਵਚਾਰ ਦੇ ਪ੍ਰਤੀਕੇਂਦਰਤਾ ਡਿਜੀਟਲ ਦਾ ਪ੍ਰਤੀਕ ਹੈ, ਜੋ ਇੱਕ ਪਰਿਸਥਿਤਿਕ ਤਕਨੀਕ ਦੀ ਪੇਸ਼ਕਸ਼ ਕਰਦਾ ਹੈ ਜੋ ਸਾਡੇ ਗਾਹਕਾਂ ਨੂੰ ਤੇਜ਼, ਕਾਗਜ਼ ਤੋਂ ਮੁਕਤ ਅਤੇ ਸਵੈ-ਸੇਵਾ ਬੈਂਕਿੰਗ ਨਾਲ ਸਸ਼ਕਤ ਹੁੰਦਾ ਹੈ।

ਮੈਡੀਕਲ ਸਟੋਰ ਐਸੋਸੀਏਸ਼ਨ ਨੇ ਨਸ਼ਿਆਂ ਖਿਲਾਫ ਸ਼ਿਵ ਸੈਨਾ ਦਾ ਕੀਤਾ ਸਮਰਥਨ

ਗੁਰਦਾਸਪੁਰ,(ਦਿਨੇਸ਼ ਕੁਮਾਰ)-ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਅਤੇ ਮੈਡੀਕਲ ਸਟੋਰ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਸੂਬਾ ਉਪ ਪ੍ਰਧਾਨ ਹਰਵਿੰਦਰ ਸੋਨੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੋਨੀ ਨੇ ਦੱਸਿਆ ਕਿ ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਵੱਲੋਂ ਹਰਵਿੰਦਰ ਸੋਨੀ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੇ ਨਾਅਰੇ ਨਾਲ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿਮ ਸ਼ੁਰੂ ਕੀਤੀ ਗਈ ਹੈ ਅਤੇ ਇਸ ਮੁਹਿਮ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਮੈਡੀਕਲ ਸਟੋਰ ਐਸੋਸੀਏਸ਼ਨ ਵਲੋਂ ਸ਼ਿਵ ਸੈਨਾ ਬਾਲਾ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਮੁਹਿਮ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਐਲਾਨ ਕੀਤਾ ਗਿਆ। ਸੋਨੀ ਨੇ ਕਿਹਾ ਕਿ ਗੁਰਦਾਸਪੁਰ ਅਤੇ ਆਲੇ-ਦੁਆਲੇ ਦੇ ਕਈ ਮੈਡੀਕਲ ਸਟੋਰ ਵਿਕਰੇਤਾ ਨਸ਼ੀਲੀਆਂ ਅਤੇ ਪਾਬੰਦੀਸ਼ੁਦਾ ਦਵਾਈਆਂ ਵੇਚਦੇ ਹਨ, ਜਿਸ 'ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ, ਤਾਂ ਹੀ ਨਸ਼ੇ ਦਾ ਕਾਰੋਬਾਰ ਬੰਦ ਹੋਵੇਗਾ ਅਤੇ ਸਾਡੇ ਨੌਜਵਾਨ ਬਿਨਾਂ ਵਜ੍ਹਾ ਮਰਨਗੇ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਸੁਧੀਰ ਧਵਨ, ਬੌਬੀ ਕਪੂਰ, ਪ੍ਰਭਜਿੰਦਰ ਆਨੰਦ, ਸੰਜੀਵ ਕਪੂਰ, ਰਾਕੇਸ਼ ਅਰੋੜਾ ਆਦਿ ਨੂੰ ਲਿਖਤੀ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਨਸ਼ਾ ਵੇਚਣ ਵਾਲੇ ਮੈਡੀਕਲ ਸਟੋਰ ਵਿਕਰੇਤਾਵਾਂ ਨੂੰ ਤੁਰੰਤ ਆਪਣੀ ਐਸੋਸੀਏਸ਼ਨ 'ਚੋਂ ਬਾਹਰ ਕੱਢਿਆ ਜਾਵੇ । ਇਸ ਮੌਕੇ ਐਸੋਸੀਏਸਨ ਦੇ ਮੈਂਬਰਾਂ ਨੇ ਹਰਵਿੰਦਰ ਸੋਨੀ ਨੂੰ ਪੂਰਾ ਭਰੋਸਾ ਦਿਵਾਇਆ ਕਿ ਉਹ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿਮ ਦਾ ਪੂਰਾ ਸਹਿਯੋਗ ਦੇਣਗੇ ਅਤੇ ਜੇਕਰ ਕੋਈ ਮੈਡੀਕਲ ਸਟੋਰ ਮਾਲਕ ਨਸ਼ਾ ਵੇਚਦਾ ਫੜਿਆ ਗਿਆ ਤਾਂ ਸਮੁੱਚੀ ਐਸੋਸੀਏਸ਼ਨ ਦਾ ਇੱਕ ਵੀ ਮੈਂਬਰ ਉਸ ਦਾ ਬਚਾਅ ਕਰਨ ਲਈ ਨਹੀਂ ਆਵੇਗਾ। ਅੰਤ ਵਿੱਚ ਸੋਨੀ ਨੇ ਕਿਹਾ ਕਿ ਸ਼ਿਵ ਸੈਨਾ ਅਤੇ ਮੈਡੀਕਲ ਸਟੋਰ ਵਿਕਰੇਤਾਵਾਂ ਦਾ ਵਫਦ ਜਲਦੀ ਹੀ ਡੀ ਸੀ ਅਤੇ ਐਸ ਐਸ ਪੀ ਗੁਰਦਾਸਪੁਰ ਨੂੰ ਮਿਲ ਕੇ ਨਸ਼ਿਆਂ ਦੇ ਮੁੱਦੇ 'ਤੇ ਗੱਲਬਾਤ ਕਰੇਗਾ

ਲੋਕ ਅਦਾਲਤ 'ਚ 99 ਕੇਸਾਂ ਦਾ ਨਿਪਟਾਰਾ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਰਸ਼ਪਾਲ ਸਿੰਘ, ਸਿਵਲ ਜੱਜ (ਸੀਨੀਅਰ ਡਵੀਜ਼ਨ) ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ, ਮੋਹਾਲੀ ਅਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਹਰਪ੍ਰੀਤ ਕੌਰ ਰੰਧਾਵਾ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਅਤੇ ਰਸ਼ਪਾਲ ਸਿੰਘ ਸਿਵਲ ਜੱਜ (ਸੀਨੀਅਰ ਡਵੀਜ਼ਨ) ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਯਤਨਾਂ ਸਦਕਾ 21 ਅਕਤੂਬਰ ਨੂੰ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਹ ਲੋਕ ਅਦਾਲਤ ਜ਼ਿਲ੍ਹਾ ਕਚਹਿਰੀਆਂ ਅੰਮ੍ਰਿਤਸਰ ਵਿਖੇ ਲਗਾਈ ਗਈ। ਇਸ ਲੋਕ ਅਦਾਲਤ ਵਿੱਚ ਪਰਵਾਰਕ ਝਗੜੇ, ਜ਼ਮੀਨੀ ਵਿਵਾਦ ਅਤੇ ਮੋਟਰ ਦੁਰਘਟਨਾ ਕਿਸਮਾਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਲਈ ਜ਼ਿਲ੍ਹਾ ਕਚਹਿਰੀਆਂ, ਅੰਮ੍ਰਿਤਸਰ ਵਿੱਚ 5 ਬੈਂਚ ਬਣਾਏ ਗਏ ਸਨ। ਜਿਸ ਵਿੱਚੋਂ ਜ਼ਮੀਨੀ ਵਿਵਾਦ ਅਤੇ ਮੋਟਰ ਦੁਰਘਟਨਾ ਕੇਸ ਦੇ ਰਾਜ਼ੀਨਾਵੇਂ ਵਾਸਤੇ ਦਰਬਾਰੀ ਲਾਲ ਅਤੇ ਦਲਜੀਤ ਸਿੰਘ ਰਲਹਨ, ਵਧੀਕ ਜ਼ਿਲ੍ਹਾ

22-Oct-PAGE-7.qxd 10/21/2023 10:07 PM Page 1

ਨੌਜਵਾਨਾਂ ਦਾ ਖੇਡਾਂ ਵੱਲ ਉਤਸ਼ਾਹ ਸੂਬਾ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਦਾ ਪ੍ਰਤੀਕ : ਹਰਜੋਤ ਬੈਂਸ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਸੂਬੇ ਦੇ ਪਿੰਡਾਂ ਵਿੱਚ ਅਯੋਜਿਤ ਹੋ ਰਹੇ ਖੇਡ ਮੇਲਿਆਂ ਨੇ ਪਿੰਡਾਂ ਵਿੱਚ ਮੇਲਿਆਂ ਵਰਗਾ ਮਾਹੌਲ ਬਣਾ ਦਿੱਤਾ ਹੈ। ਖੇਡ ਮੈਦਾਨਾਂ ਵਿੱਚ ਲੱਗੀਆਂ ਰੌਣਕਾਂ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਪਿੰਡ ਅਗੰਮਪੁਰ ਵਿਖੇ ਕੁਸ਼ਤੀ ਦੰਗਲ ਵਿੱਚ ਸ਼ਮੂਲੀਅਤ ਕਰਨ ਮੌਕੇ ਕੀਤਾ। ਉਨ੍ਹਾਂ ਖੇਡ ਮੇਲੇ ਦੇ ਪ੍ਰਬੰਧਕਾਂ ਨੂੰ ਅਜਿਹੇ ਖੇਡ ਮੁਕਾਬਲੇ, ਸੱਭਿਆਚਾਰਕ ਸਮਾਰੋਹ ਅਤੇ ਮੇਲਿਆਂ ਦਾ ਆਯੋਜਨ ਕਰਨ ਲਈ ਵਧਾਈ ਦਿੱਤੀ ਅਤੇ ਛਿੰਝ ਕਮੇਟੀ ਨੂੰ 51 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਹਰਜੋਤ ਬੈਂਸ ਨੇ ਕਿਹਾ ਕਿ ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਹਰ ਨਾਗਰਿਕ ਤੱਕ ਪਹੁੰਚਾਉਣਾ ਮਾਨ ਸਰਕਾਰ ਦਾ ਮੁੱਖ ਉਦੇਸ਼ ਹੈ। ਇਸ ਦੇ ਲਈ ਪੰਜਾਬ ਵਿੱਚ ਸੈਂਕੜੇ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ। ਸਕੂਲ ਸਿੱਖਿਆ ਕ੍ਰਾਂਤੀਕਾਰੀ ਪੁਲਾਂਘਾਂ ਪੁੱਟ ਰਹੀ ਹੈ। ਸਾਡੇ ਵਿਦਿਆਰਥੀ ਇਸਰੋ ਵਿੱਚ ਚੰਦਰਯਾਨ-3 ਦੀ ਲਾਂਚਿੰਗ ਦੇ ਗਵਾਹ ਬਣੇ ਹਨ। ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ, ਹੈੱਡਮਾਸਟਰ ਦੇਸ਼ ਵਿਦੇਸ਼ ਵਿੱਚ ਸਿਖਲਾਈ ਲੈ ਰਹੇ ਹਨ। ਸਕੂਲ ਆਫ ਐਮੀਨੈਂਸ ਵਿਦਿਆਰਥੀਆਂ ਨੂੰ ਮੁਫਤ ਮਿਆਰੀ ਸਿੱਖਿਆ ਦੇ ਰਹੇ ਹਨ। ਸਰਕਾਰੀ ਸਕੂਲਾਂ ਵਿੱਚ ਕੈਂਪਸ ਮੈਨੇਜਰ, ਸੁਰੱਖਿਆ ਗਾਰਡ, ਅਤੇ ਟ੍ਰਾਂਸਪੋਰੇਟੇਸ਼ਨ ਦੀ ਵਿਵਸਥਾ ਹੋ ਰਹੀ ਹੈ। ਅਗੰਮਪੁਰ ਸਰਕਾਰੀ ਹਾਈ ਸਕੂਲ ਦੀ ਨੁਹਾਰ ਬਦਲਣ ਲਈ 50 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਪੰਜਾਬ ਦੇ ਨੌਜਵਾਨਾਂ ਦਾ ਰੁਖ ਖੇਡ ਮੈਦਾਨਾਂ ਵੱਲ ਹੋ ਗਿਆ ਹੈ। ਪੰਜਾਬ ਵਿੱਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣ ਲਈ ਅਜਿਹੇ ਖੇਡ ਮੇਲੇ ਕਰਵਾਏ ਜਾਣੇ ਬਹੁਤ ਜ਼ਰੂਰੀ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਦਾ ਉਪਰਾਲਾ ਕੀਤਾ ਹੈ। ਸਾਡੇ ਨੌਜਵਾਨਾਂ ਨੇ ਰਾਸ਼ਟਰੀ ਅਤੇ ਅੰਤਰਰਾਸਟਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਸੂਬੇ ਦਾ ਨਾਂਅ ਚਮਕਾਇਆ ਹੈ। ਉਹਨਾਂ ਕਿਹਾ ਕਿ ਸੂਬਾ ਸਰਕਾਰ ਨੇ ਅਮਨ ਅਤੇ ਸ਼ਾਂਤੀ ਦਾ ਮਾਹੌਲ ਕਾਇਮ ਕੀਤਾ ਹੈ। ਇਸ ਮੌਕੇ ਛਿੰਝ ਕਮੇਟੀ ਅਤੇ ਪਿੰਡ ਦੀ ਪੰਚਾਇਤ ਜਿਨ੍ਹਾਂ ਵਿੱਚ ਇਕਬਾਲ ਸਿੰਘ ਭੱਠਲ, ਦਲਜੀਤ ਸਿੰਘ ਟਿੰਕਾ, ਹਰਤੇਗਵੀਰ ਸਿੰਘ ਤੇਗੀ, ਰਣਬਹਾਦਰ ਸਿੰਘ, ਸਰਪੰਚ ਸੰਜੀਵਨ, ਮਹਿੰਦਰ ਲੰਬੜਦਾਰ, ਸੁਰਜੀਤ ਲੰਬੜਦਾਰ, ਦੀਪਕ ਲੰਬੜਦਾਰ ਨੇ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਇੱਥੇ ਪੁੱਜਣ 'ਤੇ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਵਪਾਰ ਮੰਡਲ ਪ੍ਰਧਾਨ ਜਸਵੀਰ ਸਿੰਘ ਅਰੋੜਾ , ਬਲਾਕ ਪ੍ਰਧਾਨ ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ ਜਗਜੀਤ ਸਿੰਘ ਜੱਗੀ, ਬਚਿੱਤਰ ਸਿੰਘ, ਇਕਬਾਲ ਸਿੰਘ, ਰਾਮ ਮੂਰਤੀ ਪਰਾਸ਼ਰ, ਸੰਨੀ ਅਰੋੜਾ, ਜਰਨੈਲ ਸਿੰਘ ਭੱਠਲ, ਰਵਿੰਦਰ ਸਿੰਘ, ਰਾਮ ਲਾਲ, ਬਲਜਿੰਦਰ ਪੰਚ, ਬਹਾਦਰ ਪੰਚ, ਵਕੀਲ ਰਜੀਵ ਰਾਣਾ, ਰੋਮੀ ਰਾਣਾ, ਜਸਵੀਰ ਗਿੱਲ, ਹਰਮਿੰਦਰ ਵੜਿੰਗ, ਕਲੱਬ ਮੈਂਬਰ ਅਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

ਏ ਡੀ ਸੀ ਵੱਲੋਂ ਫੂਡ ਸੇਫਟੀ ਸਲਾਹਕਾਰ ਕਮੇਟੀ ਨੂੰ ਚੈਕਿੰਗ ਤੇ ਜਾਗਰੂਕਤਾ ਮੁਹਿੰਮ ਚਲਾਉਣ ਦੀਆਂ ਹਦਾਇਤਾਂ

ਜਲੰਧਰ, (ਸ਼ੈਲੀ ਐਲਬਰਟ)-ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਲੋਕਾਂ ਨੂੰ ਸ਼ੁੱਧ ਅਤੇ ਸਾਫ਼ ਸੁਥਰੀ ਮਠਿਆਈ ਮੁਹੱਈਆ ਕਰਾਉਣ ਦੇ ਮੰਤਵ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ ਨੇ ਜ਼ਿਲ੍ਹਾ ਪੱਧਰੀ ਫੂਡ ਸੇਫਟੀ ਸਲਾਹਕਾਰ ਕਮੇਟੀ ਨੂੰ ਵਧੇਰੇ ਚੌਕਸੀ ਵਰਤਦਿਆਂ ਚੈਕਿੰਗ ਤੋਂ ਇਲਾਵਾ ਜਾਗਰੂਕਤਾ ਮੁਹਿੰਮ ਚਲਾਉਣ ਦੀਆਂ ਹਦਾਇਤਾਂ ਦਿੱਤੀਆਂ। ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਮਠਿਆਈ ਤੇ ਹੋਰ ਖਾਣ-ਪੀਣ ਵਾਲੇ ਪਦਾਰਥਾਂ ਦੀ ਜਾਂਚ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੇ ਨਾਲ-ਨਾਲ ਦੁਕਾਨਦਾਰਾਂ ਨੂੰ ਮਿਆਰੀ ਤੇ ਸਾਫ-ਸੁਥਰੀ ਮਠਿਆਈ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਖਪਤਕਾਰਾਂ ਨੂੰ ਸ਼ੁੱਧ ਤੇ ਗੁਣਵੱਤਾ ਭਰਪੂਰ ਖਾਣ-ਪੀਣ ਵਾਲੇ ਪਦਾਰਥ ਉਪਲਬਧ ਕਰਵਾਏ ਜਾ ਸਕਣ। ਫੂਡ ਸੇਫਟੀ ਐਕਟ ਅਧੀਨ ਸਾਫ ਸਫ਼ਾਈ ਰੱਖਣ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖਾਣ ਪੀਣ ਵਾਲੀਆਂ ਵਸਤਾਂ ਦੀ ਕੁਆਲਿਟੀ, ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਕਿਉਂਕਿ ਇਹ ਲੋਕਾਂ ਦੀ ਸਿਹਤ ਨਾਲ ਜੁੜਿਆ ਹੋਇਆ ਮੁੱਦਾ ਹੈ। ਤਿਉਹਾਰਾਂ ਦੇ ਸੀਜ਼ਨ ਨੂੰ ਦੇਖਦੇ ਹੋਏ ਉਨ੍ਹਾਂ ਫੂਡ ਵੈਂਡਰਜ਼ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਸ਼ੁੱਧ ਅਤੇ ਮਿਆਰੀ ਵਸਤਾਂ ਦੀ ਵਰਤੋਂ ਸਬੰਧੀ ਜਾਗਰੂਕ ਕਰਨ ਲਈ ਕਿਹਾ। ਇਸ ਦੌਰਾਨ ਉਨ੍ਹਾਂ ਵੱਲੋਂ ਸਲਾਹਕਾਰ ਕਮੇਟੀ ਵੱਲੋਂ ਲਾਇਸੰਸ, ਰਜਿਸਟ੍ਰੇਸ਼ਨ, ਨਿਗਰਾਨੀ ਅਤੇ ਇਨਫੋਰਸਮੈਂਟ ਸਬੰਧੀ ਕੀਤੀਆਂ ਜਾਂਦੀਆਂ ਗਤੀਵਿਧੀਆਂ ਦੀਆਂ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਫੂਡ ਸੇਫਟੀ ਅਫਸਰ ਡਾ. ਰਾਸ਼ੂ ਮਹਾਜਨ ਨੇ ਦੱਸਿਆ ਕਿ ਕਮੇਟੀ ਵੱਲੋਂ ਪਿਛਲੇ ਇਕ ਮਹੀਨੇ ਦੌਰਾਨ ਖਾਣ-ਪੀਣ ਵਾਲੇ ਪਦਾਰਥਾਂ ਦੇ 40 ਸੈਂਪਲ ਲਏ ਗਏ ਹਨ, ਜਿਨ੍ਹਾਂ ਸਬੰਧੀ ਰਿਪੋਰਟ ਆਉਣ 'ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਤੋਂ ਇਲਾਵਾ 1600 ਲੀਟਰ ਘਿਓ ਵੀ ਜ਼ਬਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਕਮੇਟੀ ਵੱਲੋਂ ਦੁਕਾਨਦਾਰਾਂ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ 84 ਫੂਡ ਵੈਂਡਰਾਂ ਨੂੰ ਖਾਧ ਪਦਾਰਥ ਤਿਆਰ ਕਰਨ ਤੋਂ ਲੈ ਕੇ ਵੇਚਣ ਤੱਕ ਦੀ ਪ੍ਰਕਿਰਿਆ ਵਿੱਚ ਨਿੱਜੀ ਸਫਾਈ, ਅਦਾਰੇ ਵਿੱਚ ਕੰਮ ਕਰਨ ਵਾਲੀਆਂ ਥਾਵਾਂ ਦੀ ਸਾਫ ਸਫਾਈ ਅਤੇ ਖਾਧ ਪਦਾਰਥਾਂ ਦੇ ਮਿਆਰ ਅਤੇ ਗੁਣਵੱਤਾ ਨੂੰ ਕਾਇਮ ਰੱਖਣ ਸਬੰਧੀ ਸਿਖਲਾਈ ਵੀ ਪ੍ਰਦਾਨ ਕੀਤੀ ਗਈ ਹੈ। ਇਸ ਮੌਕੇ ਜ਼ਿਲ੍ਹਾ ਪੱਧਰੀ ਫੂਡ ਸੇਫਟੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾ ਕੇ ਕਾਲਜ ਦੀ ਸਫਾਈ ਕੀਤੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਐਨ.ਐਸ.ਐਸ. ਇੰਚਾਰਜ ਵਿਜੇ ਕੁਮਾਰ ਅਤੇ ਰਣਜੀਤ ਕੁਮਾਰ ਦੇ ਸਹਿਯੋਗ ਨਾਲ ਇਕ ਰੋਜ਼ਾ ਕੈਂਪ ਲਗਾ ਕੇ ਕਾਲਜ ਦੀ ਸਫਾਈ ਕੀਤੀ ਗਈ। ਪ੍ਰੋ.ਵਿਜੇ ਕੁਮਾਰ ਨੇ ਇਸ ਮੌਕੇ ਐਨ.ਐਸ.ਐਸ. ਵਲੰਟੀਅਰਾਂ ਨੂੰ ਸਫਾਈ ਦੇ ਮਹੱਤਵ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਜੇਕਰ ਅਸੀਂ ਆਪਣੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਾਂਗੇ ਤਾਂ ਹੀ ਅਸੀਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਬਿਮਾਰੀਆਂ ਤੋਂ ਬਚਾ ਸਕਾਂਗੇ ਅਤੇ ਤੰਦਰੁਸਤ ਅਤੇ ਖੁਸ਼ੀਆਂ ਭਰਿਆ ਜੀਵਨ ਜੀਅ ਸਕਾਂਗੇ। ਇਸ ਮੌਕੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਐਮ.ਏ. ਬਲਾਕ ਦੇ ਸਾਹਮਣੇ ਵਾਲੇ ਏਰੀਏ ਦੀ ਸਫਾਈ ਕੀਤੀ। ਇਸ ਮੁਹਿੰਮ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ, ਪ੍ਰੋ.ਵਿਜੇ ਕੁਮਾਰ, ਰਣਜੀਤ ਕੁਮਾਰ, ਬਿੰਦੂ ਸ਼ਰਮਾ, ਕੁਲਵਿੰਦਰ ਕੌਰ, ਸਰੋਜ ਸ਼ਰਮਾ ਅਤੇ ਧਰਮਵੀਰ ਦੇ ਨਾਲ ਲੱਗਭਗ 70 ਵਿਦਿਆਰਥੀਆ ਨੇ ਹਿੱਸਾ ਲਿਆ।

ਕਿਰਾਏਦਾਰਾਂ, ਨੌਕਰਾਂ ਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸਥਿਤ ਮਿਊਂਸਪਲ ਕੌਂਸਲਾਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਆਪਣੇ ਘਰ ਵਿੱਚ ਜਦੋਂ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਹ ਉਸ ਦਾ ਪੂਰਾ ਵੇਰਵਾ ਇੱਕ ਹਫ਼ਤੇ ਦੇ ਵਿੱਚ-ਵਿੱਚ ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਦੀਆਂ ਈ ਮੇਲ ਆਈ ਡੀਜ਼ 'ਤੇ ਭੇਜਣਾ ਯਕੀਨੀ ਬਣਾਏਗਾ। ਇਸ ਈ ਮੇਲ ਦੇ ਨਾਲ ਸੰਬੰਧਤ ਦਾ ਨਾਂਅ, ਪਿਤਾ ਦਾ ਨਾਂਅ, ਫੋਟੋ ਅਤੇ ਆਧਾਰ ਕਾਡਰ ਭੇਜਣਾ ਲਾਜ਼ਮੀ ਹੈ। ਇਹ ਹੁਕਮ ਉਨ੍ਹਾਂ 'ਤੇ ਵੀ ਲਾਗੂ ਹੋਵੇਗਾ ਜਿਨ੍ਹਾਂ ਨੇ ਪਹਿਲਾਂ ਤੋਂ ਹੀ ਰੱਖੇ ਹੋਏ ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਵੇਰਵਾ ਹਾਲਾਂ ਤੱਕ ਪੁਲਸ ਨੂੰ ਨਹੀਂ ਦਿੱਤਾ। ਮਨਾਹੀ ਦੇ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਐਸ ਐਸ ਪੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਦਿੱਤੀ ਸੂਚਨਾ ਮੁਤਾਬਕ ਬਲਾਚੌਰ ਅੰਦਰ ਇੰਡਸਟਰੀ ਹੋਣ ਕਰਕੇ ਇੱਥੇ ਅਤੇ ਜ਼ਿਲ੍ਹੇ ਵਿੱਚ ਦੂਜੇ ਰਾਜਾਂ ਅਤੇ ਬਾਹਰਲੇ ਜ਼ਿਲ੍ਹਿਆਂ ਤੋਂ ਬਹੁਤ ਸਾਰੇ ਲੋਕ ਨੌਕਰੀ/ਕੰਮ ਕਾਰ ਵਗੈਰਾ ਕਰਨ ਲਈ ਆਉਂਦੇ ਹਨ।ਇਸ ਤੋਂ ਇਲਾਵਾ ਹੋਰ ਵਿੱਦਿਅਕ ਅਦਾਰਿਆਂ/ਸੰਸਥਾਵਾਂ ਵਿੱਚ ਪੜ੍ਹਾਈ ਲਈ ਦੂਜੇ ਰਾਜਾਂ ਤੋਂ ਵਿਦਿਆਰਥੀ/ਸਿਖਿਆਰਥੀ,ਵੱਖ-ਵੱਖ ਕਿੱਤਿਆਂ/ਕਾਰੋਬਾਰਾਂ ਨਾਲ ਸੰਬੰਧਤ ਵਿਅਕਤੀ ਬਤੌਰ ਪੇਇੰਗ ਗੈਸਟ ਅਤੇ ਕਾਲ ਸੈਂਟਰਾਂ ਵਿੱਚ ਸਰਵਿਸ ਕਰ ਰਹੇ ਕਰਮਚਾਰੀ ਵੀ ਕਿਰਾਏ 'ਤੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕਈ ਵਿਅਕਤੀ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੀਆਂ ਥਾਂਵਾਂ ਅਤੇ ਜਨਤਕ ਸਥਾਨਾਂ 'ਤੇ ਹੁੜਦੰਗ ਮਚਾਉਂਦੇ ਹਨ। ਇਹ ਹੁਕਮ 22 ਦਸੰਬਰ ਤੱਕ ਲਾਗੂ ਰਹਿਣਗੇ।

ਇੰਟਰਨੈਸ਼ਨਲ ਸੁਸਾਇਟੀ ਨੇ ਬਿਰਧ ਆਸ਼ਰਮ ਸਪਰੋੜ ਵਿਖੇ ਦਿੱਤਾ ਰਾਸ਼ਨ ਤੇ ਖਾਣ-ਪੀਣ ਦੀ ਸਮੱਗਰੀ

ਫਗਵਾੜਾ ((ਇੰਦਰਜੀਤ ਸਿੰਘ ਮਠਾੜੂ, ਢੱਡਾ)- ਇੰਟਰਨੈਸ਼ਨਲ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਰਜਿ. ਫਗਵਾੜਾ ਵਲੋਂ ਸੁਸਾਇਟੀ ਦੇ ਮੀਤ ਪ੍ਰਧਾਨ ਮਨੋਜ ਕੁਮਾਰ ਕੋਛੜ ਅਤੇ ਪਰਵਾਰ ਦੇ ਸਹਿਯੋਗ ਨਾਲ ਗੁਰੂ ਨਾਨਕ ਮਿਸ਼ਨ ਨੇਤਰਹੀਣ ਬਿਰਧ ਆਸ਼ਰਮ ਸਪਰੋੜ ਵਿਖੇ ਸੁਸਾਇਟੀ ਦੇ ਪ੍ਰਧਾਨ ਰੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਰਾਸ਼ਨ ਅਤੇ ਖਾਣ-ਪੀਣ ਦੀ ਸਮੱਗਰੀ ਭੇਟ ਕੀਤੀ ਗਈ। ਰੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਇਹ ਉਪਰਾਲਾ ਸੁਸਾਇਟੀ ਦੇ ਮੀਤ ਪ੍ਰਧਾਨ ਮਨੋਜ ਕੋਛੜ ਦੀ ਮਾਤਾ ਸਵ. ਵਿਜੇ ਰਾਣੀ ਕੋਛੜ ਦੀ ਬਰਸੀ ਦੇ ਸਬੰਧ ਵਿਚ ਕੀਤਾ ਗਿਆ ਹੈ। ਜੋ ਕਿ ਹਰ ਸਾਲ ਆਪਣੀ ਮਾਤਾ ਨੂੰ ਸ਼ਰਧਾਂਜਲੀ ਵਜੋਂ ਸੁਸਾਇਟੀ ਦੇ ਸਹਿਯੋਗ ਨਾਲ ਆਸ਼ਰਮ ਵਿਖੇ ਇਹ ਉਪਰਾਲਾ ਕਰਦੇ ਹਨ। ਉਨ੍ਹਾਂ ਨੇ ਸਮੂਹ ਕੋਛੜ ਪਰਵਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਦੱਸਿਆ ਕਿ ਜੋ ਵੀ ਲੋੜਵੰਦ ਬੱਚਾ, ਬਜ਼ੁਰਗ ਜਾਂ ਬੇਸਹਾਰਾ ਹੋਵੇ ਤਾਂ ਸੁਸਾਇਟੀ ਸਮੇਂ-ਸਮੇਂ ਸਿਰ ਉਨ੍ਹਾਂ ਦੀ ਮਦਦ ਕਰਦੀ ਹੈ। ਆਸ਼ਰਮ ਦੇ ਮੈਨੇਜਰ ਮੁਖਤਿਆਰ ਸਿੰਘ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਇਸ ਦੌਰਾਨ ਉਨ੍ਹਾਂ ਸੁਸਾਇਟੀ ਦੇ ਸਮੂਹ ਮੈਂਬਰਾਂ ਅਤੇ ਪਤਵੰਤਿਆਂ ਦਾ ਇਸ ਉਪਰਾਲੇ ਲਈ ਧੰਨਵਾਦ ਵੀ ਕੀਤਾ। ਸਟੇਜ ਸਕੱਤਰ ਦੀ ਸੇਵਾ ਸਲਵਿੰਦਰ ਸਿੰਘ ਜੱਸੀ ਵਲੋਂ ਨਿਭਾਈ ਗਈ। ਸਮਾਗਮ ਦੌਰਾਨ ਜਗਜੀਤ ਸਿੰਘ ਨੂੰ ਸੁਸਾਇਟੀ 'ਚ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਇਸ ਮੌਕੇ ਰਸ਼ਪਾਲ ਸਿੰਘ ਸਿੱਧੂ ਦਿੱਲੀ, ਬਲਵਿੰਦਰ ਸਿੰਘ ਪਲਾਹੀ ਮੀਤ ਪ੍ਰਧਾਨ, ਮਨੋਜ ਕੁਮਾਰ ਭਗਤ ਸੀਨੀਅਰ ਮੀਤ ਪ੍ਰਧਾਨ, ਕੇਵਿਨ ਸਿੰਘ ਬਲਾਕ ਪ੍ਰਧਾਨ ਆਪ ਪਾਰਟੀ, ਨੀਲਮ ਹਾਂਡਾ, ਪੂਜਾ ਸਾਹਨੀ ਆਦਿ ਹਾਜ਼ਰ ਸਨ।

ਸ਼ਿਮਟ ਕਾਲਜ ਦੇ ਵਿਦਿਆਰਥੀਆਂ ਨੇ ਈਸਟ ਵੂੱਡ ਵਿਲੇਜ ਜਲੰਧਰ 'ਚ ਦਿੱਤੀ ਸ਼ਾਨਦਾਰ ਪ੍ਰਫਾਰਮੈਂਸ

ਗੁਰਾਇਆ (ਬਿੰਦਰ ਸੁਮਨ)- ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵੱਲੋਂ ਈਸਟ ਵੂੱਡ ਵਿਲੇਜ, ਜਲੰਧਰ ਵਿਖੇ ਵਿਦਿਆਰਥੀਆਂ ਦੇ ਮਨੋਰੰਜਨ ਲਈ ਫਲੈਸ਼ ਮੋਬ ਪ੍ਰੋਗਰਾਮ ਦਾ ਆਯੋਜ

22-Oct-PAGE-8.qxd 10/21/2023 10:06 PM Page 1

ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ 25 ਤੋਂ ਮਨਾਏਗੀ ਮੰਗ ਪੰਦਰਵਾੜਾ : ਬਿਮਲਾ ਰਾਣੀ

ਜਲੰਧਰ (ਰਾਜੇਸ਼ ਥਾਪਾ) ਮਿੱਡ-ਡੇ-ਮੀਲ ਵਰਕਰਜ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਬਿਮਲਾ ਰਾਣੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਸੰਬੰਧੀ ਅਤੇ ਸੰਘਰਸ਼ ਕਰਨ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਮਿੱਡ-ਡੇ-ਮੀਲ ਵਰਕਰਾਂ ਦੀ ਮੰਗਾਂ ਦਾ ਨਿਪਟਾਰਾ ਕਰਨ ਲਈ ਗੰਭੀਰਤਾ ਨਾਲ ਦਿਖਾਉਣ ਸੰਬੰਧੀ ਵਿਚਾਰ ਚਰਚਾ ਕਰਦੇ ਹੋਏ ਅਗਲੇ ਸੰਘਰਸ਼ਾਂ ਦਾ ਐਲਾਨ ਕੀਤਾ ਗਿਆ। ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਨੇ ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਨੇ ਡੇਢ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕੀਤੇ ਗਏ ਚੋਣ ਵਾਅਦੇ ਅਨੁਸਾਰ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਨਹੀਂ ਕੀਤਾ। ਜਿਸ ਕਰਕੇ ਸਮੂਹ ਮਿੱਡ-ਡੇ-ਮੀਲ ਵਰਕਰਾਂ ਦੇ ਮਨਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਗੁੱਸੇ ਦੀ ਲਹਿਰ ਭੜਕੀ ਪਈ ਹੈ। ਗੰਭੀਰਤਾ ਨਾਲ ਵਿਚਾਰ ਚਰਚਾ ਕਰਨ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਹਲਕੇ ਦਿੜ੍ਹਬਾ (ਸੰਗਰੂਰ) ਵਿਖੇ 19 ਨਵੰਬਰ 2023 ਨੂੰ ਵਿਸ਼ਾਲ ਸੂਬਾਈ ਰੈਲੀ ਕੀਤੀ ਜਾਵੇਗੀ। ਸੂਬਾਈ ਰੈਲੀ ਦੀ ਤਿਆਰੀ ਦੇ ਸੰਬੰਧ ਵਿੱਚ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਸਬੰਧੀ ਲਾਮਬੰਦੀ ਕਰਨ ਲਈ 25 ਅਕਤੂਬਰ ਤੋਂ 10 ਨਵੰਬਰ ਤੱਕ ਮੰਗ ਪੰਦਰਵਾੜਾ ਮਨਾਇਆ ਜਾਵੇਗਾ।

ਇਸ ਦੌਰਾਨ ਜ਼ਿਲ੍ਹਾ ਪੱਧਰੀ ਭਰਵੀਂਆਂ ਮੀਟਿੰਗਾਂ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਂਅ 'ਤੇ ਮੰਗ ਪੱਤਰ ਭੇਜੇ ਜਾਣਗੇ। ਮੰਗ ਪੱਤਰ ਭੇਜਣ ਦੇ ਪੰਦਰਵਾੜੇ ਦੇ ਦੌਰਾਨ ਜੇਕਰ ਵਿੱਤ ਮੰਤਰੀ ਪੰਜਾਬ ਵਲੋਂ ਲਿਖਤੀ ਤੌਰ 'ਤੇ ਗੱਲਬਾਤ ਕਰਨ ਲਈ ਸੱਦਾ ਨਾ ਦਿੱਤਾ ਗਿਆ ਤਾਂ 19 ਨਵੰਬਰ ਦੀ ਦਿੜ੍ਹਬਾ ਵਿਖੇ ਸੂਬਾਈ ਰੋਹ ਭਰਪੂਰ ਰੈਲੀ ਕੀਤੀ ਜਾਵੇਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਪ੍ਰਵੀਨ ਕੌਰ ਫਤਿਹਗੜ੍ਹ ਸਾਹਿਬ, ਬਲਵਿੰਦਰ ਕੌਰ ਪ੍ਰਧਾਨ ਹੁਸ਼ਿਆਰਪੁਰ, ਮਮਤਾ ਸੈਦਪੁਰ ਪ੍ਰਧਾਨ ਕਪੂਰਥਲਾ, ਕਮਲੇਸ਼ ਕੌਰ ਪ੍ਰਧਾਨ ਰੋਪੜ, ਪ੍ਰਧਾਨ ਜਲੰਧਰ ਜਸਵਿੰਦਰ ਕੌਰ ਟਾਹਲੀ, ਸਿਮਰਨਜੀਤ ਪਾਸਲਾ, ਰਿਪੀ ਰਾਣੀ ਪ੍ਰਧਾਨ ਨਵਾਂਸ਼ਹਿਰ, ਸੰਤੋਸ਼ ਬਾਸੀ ਪ੍ਰਧਾਨ ਪਠਾਨਕੋਟ, ਜਸਵੀਰ ਕੌਰ ਪ੍ਰਧਾਨ ਲੁਧਿਆਣਾ, ਇਕਬਾਲ ਕੌਰ ਪ੍ਰਧਾਨ ਪਟਿਆਲਾ ਤੋਂ ਇਲਾਵਾ ਮਿੱਡ -ਡੇ-ਮੀਲ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਅਤੇ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਵੀ ਸ਼ਾਮਲ ਹੋਏ।

ਡਿਪਸ ਸਕੂਲ ਉੱਗੀ ਦੀ ਬੱਸ ਪਲਟੀ, ਬੱਚਿਆਂ ਨੂੰ ਲੱਗੀਆਂ ਗੁੱਝੀਆਂ ਸੱਟਾਂ

ਕਾਲਾ ਸੰਘਿਆਂ (ਮਨਜੀਤ ਮਾਨ) ਸਵੇਰੇ 8 ਵਜੇ ਦੇ ਕਰੀਬ ਪਿੰਡ ਕੰਗ ਸਾਹਿਬ ਰਾਏ ਤੋਂ ਚੂਹੜ ਲਿੰਕ ਸੜਕ ਉੱਪਰ ਬੱਚਿਆਂ ਨਾਲ ਤੁੰਨ ਕੇ ਭਰੀ ਡਿਪਸ ਸਕੂਲ ਉੱਗੀ ਦੀ ਖਸਤਾ ਹਾਲਤ ਵਿੱਚ ਬੱਸ ਪੀਬੀ 09 ਐਸ 6547 ਤੇਜ ਰਫਤਾਰੀ ਕਾਰਨ ਸੜਕ ਦੇ ਕਿਨਾਰੇ ਪਲਟ ਗਈ ਅਤੇ ਬੱਸ ਚਾਲਕ ਸਮੇਤ ਬੱਚਿਆਂ ਦੇ ਗੁੱਝੀਆਂ ਸੱਟਾਂ ਲੱਗੀਆਂ ਪਰ ਚੰਗੀ ਕਿਸਮਤ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਚਸ਼ਮਦੀਦ ਵਿਅਕਤੀਆਂ ਅਨੁਸਾਰ ਬੱਸ ਚਾਲਕ ਤੇਜ ਰਫਤਾਰੀ ਨਾਲ ਬੱਸ ਚਲਾ ਰਿਹਾ ਸੀ ਅਤੇ ਉਸ ਦੇ ਅੱਗੇ ਵੀ ਕੋਈ ਸਾਧਨ ਨਹੀਂ ਸੀ ਪਰ ਫਿਰ ਵੀ ਅਚਾਨਕ ਬੱਸ ਪਲਟ ਗਈ। ਬੱਸ ਵਿੱਚ ਪਿੰਡ ਬਿੱਲਾ ਰਾਂਗੜਾ ,ਹੇਰਾ, ਤਲਵੰਡੀ ਭਰੋ, ਕੰਗ ਸਾਹਿਬ ਰਾਏ ਤੇ ਹੋਰ ਪਿੰਡਾਂ ਦੇ 45, 50 ਦੇ ਕਰੀਬ ਬੱਚੇ ਸਵਾਰ ਸਨ। ਬੱਚਿਆਂ ਦੇ ਮਾਪਿਆਂ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਇਸ ਹਾਦਸੇ ਦੀ ਜਾਂਚ ਹੋਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਅਜਿਹੇ ਹਾਦਸੇ ਨਾ ਵਾਪਰ ਸਕਣ ।

ਸਾਂਝਾ ਅਧਿਆਪਕ ਮੋਰਚਾ ਕਪੂਰਥਲਾ ਵੱਲੋਂ ਅਰਥੀ ਫੂਕ ਮੁਜ਼ਾਹਰਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਸੂਬਾ ਪੱਧਰੀ ਪਹਿਲਾਂ ਤੋਂ ਉਲੀਕੇ ਗਏ ਸੰਘਰਸ਼ ਅਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਫੂਕਣ ਦੇ ਫੈਸਲੇ ਨੂੰ ਸੁਲਤਾਨਪੁਰ ਲੋਧੀ 'ਚ ਵੱਡਾ ਹੁੰਗਾਰਾ ਮਿਲਿਆ। ਜਿੱਥੇ ਸਾਂਝਾ ਅਧਿਆਪਕ ਮੋਰਚਾ ਦੇ ਆਗੂਆਂ ਰਸ਼ਪਾਲ ਸਿੰਘ ਵੜੈਚ ਸੂਬਾ ਪ੍ਰਧਾਨ ਈ ਟੀ ਟੀ ਯੂਨੀਅਨ, ਜ਼ਿਲ੍ਹਾ ਪ੍ਰਧਾਨ ਜੀ ਟੀ ਯੂ ਸੁਖਚੈਨ ਸਿੰਘ ਬੱਧਣ, ਮਾਸਟਰ ਨਰੇਸ਼ ਕੋਹਲੀ ਜ਼ਿਲ੍ਹਾ ਪ੍ਰਧਾਨ ਮਾਸਟਰ ਕੇਡਰ ਯੂਨੀਅਨ, ਸੁਖਦਿਆਲ ਸਿੰਘ ਝੰਡ ਜ਼ਿਲ੍ਹਾ ਪ੍ਰਧਾਨ ਅਧਿਆਪਕ ਦਲ, ਹਰਵਿੰਦਰ ਅਲੂਵਾਲ ਜ਼ਿਲ੍ਹਾ ਪ੍ਰਧਾਨ ਡੀ ਟੀ ਐਫ ਦੀ ਅਗਵਾਈ ਹੇਠ ਇਕੱਠੇ ਹੋਏ ਅਧਿਆਪਕਾਂ ਨੇ ਤਲਵੰਡੀ ਚੌਧਰੀਆਂ ਪੁਲ ਉੱਤੇ ਪੰਜਾਬ ਸਰਕਾਰ ਵਿਰੁੱਧ ਅਰਥੀ ਫੂਕ ਮੁਜ਼ਾਹਰਾ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਸੁਖਚੈਨ ਸਿੰਘ ਬੱਧਣ, ਰਸ਼ਪਾਲ ਸਿੰਘ ਵੜੈਚ, ਨਰੇਸ਼ ਕੋਹਲੀ ਸਹਿਤ ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਿਛਲੀਆਂ ਸਰਕਾਰਾਂ ਦੇ ਰਸਤੇ ਚਲਦਿਆਂ ਪੰਜਾਬ ਦੀ ਜਨਤਕ ਸਿੱਖਿਆ ਨੂੰ ਤਬਾਹ ਕਰਨ ਲਈ ਨਵੇਂ ਨਵੇਂ ਫੈਸਲੇ ਲਏ ਜਾ ਰਹੇ ਹਨ ਜਿਸ ਦਾ ਸਮੁੱਚਾ ਅਧਿਕਾਰੀ ਵਰਗ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਨਾਂਅ 'ਤੇ ਸਿਰਫ ਮਾਣਭੱਤੇ ਵਿਚ ਵਾਧਾ ਕਰਕੇ ਦੇਸ਼ ਵਿੱਚ ਅਧਿਆਪਕਾਂ ਦਾ ਸ਼ੋਸ਼ਣ ਕਰਨ ਦੀ ਨਵੀਂ ਪਿਰਤ ਪਾਈ ਗਈ ਹੈ। ਕੰਪਿਊਟਰ ਅਧਿਆਪਕਾਂ ਨੂੰ ਵਿਭਾਗ 'ਚ ਸ਼ਿਫਟ ਨਹੀਂ ਕੀਤਾ ਜਾ ਰਿਹਾ। ਕੇਂਦਰ ਸਰਕਾਰ ਦੀ ਰਾਸ਼ਟਰੀ ਸਿੱਖਿਆ ਨੀਤੀ-2020 ਨੂੰ ਲਾਗੂ ਕਰਦਿਆਂ ਐਮੀਨੈਂਸ ਸਕੂਲਾਂ ਰਾਹੀਂ ਸਿੱਖਿਆ ਦੇ ਬਰਾਬਰ ਮੌਕੇ ਦੇਣ ਦੇ ਬੁਨਿਆਦੀ ਸੰਵਿਧਾਨਕ ਅਧਿਕਾਰ ਨੂੰ ਅੱਖੋਂ ਪਰੋਖੇ ਕਰਨ ਕਾਰਨ ਪੰਜਾਬ ਦੇ ਲੱਖਾਂ ਵਿਦਿਆਰਥੀਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਪਹਿਲਾਂ ਹੀ ਹਜ਼ਾਰਾਂ ਅਸਾਮੀਆਂ ਖਾਲੀ ਹੋਣ ਕਾਰਨ ਅਧਿਆਪਕਾਂ ਦੀ ਘਾਟ ਦਾ ਸ਼ਿਕਾਰ ਪੰਜਾਬ ਦੇ ਸਕੂਲਾਂ 'ਚੋਂ ਅਧਿਆਪਕ ਬਦਲੀ ਨੀਤੀ ਨੂੰ ਛਿੱਕੇ ਟੰਗ ਕੇ ਅਧਿਆਪਕਾਂ ਦੀਆਂ ਦੂਰ ਦੁਰਾਡੇ ਦੇ ਐਮੀਨੈਂਸ ਸਕੂਲਾਂ ਵਿੱਚ ਜਬਰੀ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਪੁਰਾਣੀ ਪੈਨਸ਼ਨ ਬਹਾਲੀ ਦਾ ਲੰਗੜਾ ਨੋਟੀਫਿਕੇਸ਼ਨ ਕਰਕੇ ਪੰਜਾਬ ਦੇ ਅਧਿਆਪਕਾਂ ਅਤੇ ਮੁਲਾਜ਼ਮਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ। ਜਨਵਰੀ 2016 ਤੋਂ ਲਾਗੂ ਹੋਣ ਵਾਲੇ ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਜਾਰੀ ਨਹੀਂ ਕੀਤੀ ਗਈ। ਜੋ ਜਾਰੀ ਕੀਤੀ ਹੈ, ਉਸ ਨੂੰ ਪੰਜਵੇਂ ਤਨਖਾਹ ਕਮਿਸ਼ਨ ਵਲੋਂ ਸਿਫਾਰਸ਼ ਕੀਤੀ ਉਚੇਰੀ ਗਰੇਡ ਪੇਅ ਨਾਲ ਜਨਵਰੀ 2016 ਨੂੰ ਬਣਦੇ 125% ਮਹਿੰਗਾਈ ਜੋੜ ਕੇ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਗਿਆ। ਤਨਖਾਹ ਦੁਹਰਾਈ ਦੇ ਬਣਦੇ ਬਕਾਏ ਜਾਰੀ ਨਹੀਂ ਕੀਤੇ ਗਏ। ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਣਾਏ ਅਤੇ ਮਹਿੰਗਾਈ ਫੰਡ ਦੀਆਂ ਕਿਸ਼ਤਾਂ ਜਾਰੀ ਨਹੀਂ ਕੀਤੀਆਂ ਗਈਆਂ। ਅਧਿਆਪਕ ਸੰਘਰਸ਼ਾਂ ਦੌਰਾਨ ਦਰਜ ਕੀਤੇ ਪੁਲਸ ਕੇਸ ਹਾਲੇ ਤੱਕ ਵੀ ਰੱਦ ਨਹੀਂ ਕੀਤੇ ਗਏ ਉਹਨਾਂ ਕਿਹਾ ਕਿ ਅਧਿਆਪਕਾਂ ਤੋਂ ਸਿਰਫ ਅਧਿਆਪਨ ਦਾ ਹੀ ਕੰਮ ਲੈਣ ਦਾ ਵਾਅਦਾ ਕਰਕੇ ਬਣੀ ਸਰਕਾਰ ਵਲੋਂ ਅਧਿਆਪਕਾਂ ਤੋਂ ਹਰ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਲੈਣ ਦੀ ਅੱਤ ਹੋ ਚੁੱਕੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੇ ਪ੍ਰੀਖਿਆਰਥੀਆਂ ਕੋਲੋਂ ਸਰਟੀਫਿਕਟ ਫੀਸਾਂ, ਪ੍ਰੈਕਟੀਕਲ ਫੀਸਾਂ ਅਤੇ ਜੁਰਮਾਨੇ ਉਗਰਾਹ ਕੇ ਇਕੱਠੀ ਕੀਤੀ ਆਮਦਨ ਨਾਲ ਬੋਰਡ ਨੂੰ ਚਲਦਾ ਰੱਖਿਆ ਜਾ ਰਿਹਾ ਹੈ । ਇਸ ਮੌਕੇ ਸੂਬਾ ਪ੍ਰਧਾਨ ਈਟੀਟੀ ਟੀਚਰ ਟੀਚਰਜ਼ ਯੂਨੀਅਨ ਰਸ਼ਪਾਲ ਸਿੰਘ ਵੜੈਚ , ਜ਼ਿਲ੍ਹਾ ਪ੍ਰਧਾਨ ਮਾਸਟਰ ਕੇਡਰ ਯੂਨੀਅਨ ਨਰੇਸ਼ ਕੋਹਲੀ, ਜ਼ਿਲ੍ਹਾ ਪ੍ਰਧਾਨ ਅਧਿਆਪਕ ਦਲ ਸੁਖਦਿਆਲ ਸਿੰਘ ਝੰਡ, ਹਰਵਿੰਦਰ ਅੱਲੂਵਾਲ ਜਿਲ੍ਹਾ ਪ੍ਰਧਾਨ ਡੀ ਟੀ ਐਫ ,ਜਿਲਾ ਪ੍ਰਧਾਨ ਸੁਖਚੈਨ ਸਿੰਘ , ਲਖਵਿੰਦਰ ਸਿੰਘ, ਸੁਰਜੀਤ ਸਿੰਘ ਹੈਬਤਪੁਰ, ਜੋਗਿੰਦਰ ਸਿੰਘ ਅਮਾਨੀਪੁਰ, ਅਸ਼ਵਨੀ ਕੁਮਾਰ, ਇੰਦਰਵੀਰ ਅਰੋੜਾ, ਸੁਖਵਿੰਦਰ ਸਿੰਘ, ਜਗਜੀਤ ਸਿੰਘ, ਯਾਦਵਿੰਦਰ ਸਿੰਘ, ਗੋਪਾਲ ਕ੍ਰਿਸ਼ਨ ਸ਼ਰਮਾ, ਰੇਸ਼ਮ, ਰਜੀਵ ਪਠਾਣੀਆ, ਜੋਗਿੰਦਰ ਸਿੰਘ, ਸੁੱਚਾ ਸਿੰਘ, ਮਾਸਟਰ ਕਾਡਰ ਯੂਨੀਅਨ ਦੇ ਸਕੱਤਰ ਸੁਰਜੀਤ ਸਿੰਘ ਆਦਿ ਮੌਜੂਦ ਸਨ।

ਪਿਓ, ਮਾਂ ਤੇ ਭਰਾ ਦਾ ਕਾਤਲ ਗ੍ਰਿਫਤਾਰ, ਹਥਿਆਰ ਬਰਾਮਦ

ਜਲੰਧਰ (ਇਕਬਾਲ ਸਿੰਘ ਉੱਭੀ)- ਲਾਂਬੜਾ ਥਾਣੇ ਅਧੀਨ ਪੈਂਦੇ ਫੇਜ 3 ਦੇ ਟਾਵਰ ਇਨਕਲੇਵ ਵਿੱਚ ਇੱਕ ਨੌਜਵਾਨ ਨੇ ਆਪਣੇ ਮਾਤਾ-ਪਿਤਾ ਅਤੇ ਭਰਾ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ। ਮੁਲਜ਼ਮ ਹਰਪ੍ਰੀਤ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਜਦਕਿ ਉਸਦੀ ਪਤਨੀ ਬੱਚਿਆਂ ਸਮੇਤ ਫਰਾਰ ਹੈ। ਜਲੰਧਰ ਦੇ ਟਾਵਰ ਇਨਕਲੇਵ ਫੇਜ 3 'ਚ ਵੀਰਵਾਰ ਰਾਤ ਨੂੰ ਬੇਟੇ ਨੇ ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਨਾਲ ਗੋਲੀ ਮਾਰ ਕੇ ਆਪਣੇ ਮਾਤਾ-ਪਿਤਾ ਅਤੇ ਭਰਾ ਦਾ ਕਤਲ ਕਰ ਦਿੱਤਾ। ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ਾਂ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾਇਆ। ਪੁਲਸ ਜਾਂਚ ਦੌਰਾਨ ਡੀਐਸਪੀ ਬਲਜੀਤ ਸਿੰਘ ਨੇ ਦੱਸਿਆ ਕਿ ਘਟਨਾ ਦੌਰਾਨ ਕੁੱਲ ਸੱਤ ਰਾਊਂਡ ਫਾਇਰ ਕੀਤੇ ਗਏ, ਜਿਨ੍ਹਾਂ ਵਿੱਚੋਂ ਪੰਜ ਰਾਊਂਡ ਪਿਤਾ ਜਗਬੀਰ ਸਿੰਘ, ਇੱਕ ਰਾਊਂਡ ਪਤਨੀ ਅੰਮ੍ਰਿਤਪਾਲ ਕੌਰ ਅਤੇ ਇੱਕ ਰਾਊਂਡ ਪੁੱਤਰ ਗਗਨਦੀਪ ਸਿੰਘ ਨੂੰ ਲੱਗਿਆ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮੇਰਾ ਵੱਡਾ ਭਰਾ ਗਗਨਦੀਪ ਸਿੰਘ ਪਾਗਲ ਹੈ। ਉਸ ਦੀਆਂ ਹਰਕਤਾਂ ਬੱਚੇ ਵਰਗੀਆਂ ਸਨ। ਮੰਮੀ-ਡੈਡੀ ਉਸ ਨੂੰ ਜ਼ਿਆਦਾ ਪਿਆਰ ਕਰਦੇ ਸਨ। ਡੈਡੀ ਅਤੇ ਮੈਂ ਸੁਰੱਖਿਆ ਗਾਰਡ ਹਾਂ। ਮੇਰੀ ਪਤਨੀ ਬਹੁਤ ਸੁੰਦਰ ਹੈ ਅਤੇ ਉਹ ਜਾਬ ਕਰਦੀ ਹੈ। ਮੇਰੇ ਡੈਡੀ ਅਤੇ ਭਰਾ ਮੇਰੀ ਪਤਨੀ 'ਤੇ ਗਲਤ ਨਜ਼ਰ ਰੱਖਦੇ ਸਨ। ਜਿਸ ਕਾਰਨ ਘਰ ਵਿੱਚ ਝਗੜੇ ਹੁੰਦੇ ਰਹਿੰਦੇ ਸਨ। ਡੈਡੀ ਨਾਲ ਬਹਿਸ ਦੌਰਾਨ ਮੈਨੂੰ ਗੁੱਸਾ ਆ ਗਿਆ। ਮੈਂ ਬੰਦੂਕ ਚੁੱਕੀ ਅਤੇ ਡੈਡੀ 'ਤੇ ਇਕ ਤੋਂ ਬਾਅਦ ਇਕ ਪੰਜ ਗੋਲੀਆਂ ਚਲਾਈਆਂ। ਜੇ ਮੈਂ ਡੈਡੀ ਨੂੰ ਨਾ ਮਾਰਿਆ ਹੁੰਦਾ, ਤਾਂ ਡੈਡੀ ਮੈਨੂੰ ਗੋਲੀ ਮਾਰ ਦਿੰਦੇ। ਫਿਰ ਮਾਂ ਅਤੇ ਗਗਨਦੀਪ ਨੂੰ ਇੱਕ-ਇੱਕ ਗੋਲੀ ਮਾਰ ਦਿੱਤੀ । ਹਰਪ੍ਰੀਤ ਦਾ ਕਹਿਣਾ ਹੈ ਕਿ ਪਤਨੀ ਬੱਚਿਆਂ ਸਮੇਤ ਚਲੀ ਗਈ। ਮਾਂ ਅਤੇ ਭਰਾ ਵੀ ਮਰ ਚੁੱਕੇ ਸਨ। ਉਸ ਦਾ ਸਮਾਂ ਨਹੀਂ ਲੰਘ ਰਿਹਾ ਸੀ। ਇਸ ਲਈ ਉਹ ਦਰਵਾਜਾ ਬੰਦ ਕਰਕੇ ਫਿਲਮ ਦੇਖਣ ਚਲਾ ਗਿਆ, ਤਾਂ ਜੋ ਤਣਾਅ ਖਤਮ ਹੋ ਜਾਵੇ। ਹਰਪ੍ਰੀਤ ਦਾ ਕਹਿਣਾ ਹੈ ਕਿ ਫਿਲਮ ਦੇਖ ਕੇ ਤਣਾਅ ਖਤਮ ਹੋ ਗਿਆ ਸੀ। ਪਹਿਲਾਂ ਤਾਂ ਮੈਂ ਸ਼ਹਿਰ ਛੱਡ ਕੇ ਭੱਜਣ ਬਾਰੇ ਸੋਚਿਆ, ਪਰ ਫਿਰ ਮੈਂ ਸੋਚਿਆ ਕਿ ਜੇ ਮੈਂ ਭੱਜ ਗਿਆ ਤਾਂ ਪੁਲਸ ਮੇਰੀ ਪਤਨੀ ਨੂੰ ਤੰਗ ਕਰੇਗੀ। ਇਸ ਲਈ ਮੈਂ ਇਹ ਸੋਚ ਕੇ ਲਾਂਬੜਾ ਥਾਣੇ ਲਈ ਰਵਾਨਾ ਹੋ ਗਿਆ ਕਿ ਮੈਂ ਆਤਮ ਸਮਰਪਣ ਕਰਾਂਗਾ, ਪਰ ਰਸਤੇ ਵਿੱਚ ਪੁਲਸ ਨੇ ਫੜ ਲਿਆ। ਪੁਲਸ ਨੇ ਉਸ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਘਰ ਤੋਂ ਦੋਵੇਂ ਹਥਿਆਰ ਬਰਾਮਦ ਕਰ ਲਏ ਗਏ ਹਨ।

ਇਨੋਸੈਂਟ ਹਾਰਟਸ 'ਚ ਮਨਾਇਆ ਨਵਰਾਤਰੀ ਦਾ ਤਿਉਹਾਰ

ਜਲੰਧਰ (ਸ਼ੈਲੀ ਐਲਬਰਟ)- ਇੰਨੋਸੈਂਟ ਹਾਰਟਸ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ, ਕੈਂਟ ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਦੇ ਪੰਜਾਂ ਸਕੂਲਾਂ ਦੇ ਇੰਨੋਕਿਡਜ਼ ਵਿੱਚ ਜਮਾਤ ਦੇ ਛੋਟੇ ਬੱਚਿਆਂ ਲਈ ਕਿਡਜ਼ ਡਾਂਡੀਆ ਮਸਤੀ ਗਤੀਵਿਧੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਬੜੇ ਹੀ ਆਨੰਦ ਅਤੇ ਉਤਸ਼ਾਹ ਨਾਲ ਭਾਗ ਲਿਆ।ਇਸ ਗਤੀਵਿਧੀ ਵਿੱਚ ਬੱਚਿਆਂ ਨੇ ਰਵਾਇਤੀ ਪਹਿਰਾਵੇ ਵਿੱਚ ਡਾਂਡੀਆ ਡਾਂਸ ਕੀਤਾ। ਉਨ੍ਹਾਂ ਨੇ ਕਲਾਸਾਂ ਵਿੱਚ ਬੱਚਿਆਂ ਨੂੰ ਮਾਂ ਦੁਰਗਾ ਦੀ ਪੂਜਾ ਦੇ ਨੌ ਦਿਨਾਂ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ ਗਿਆ । ਸ਼੍ਰੀਮਤੀ ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ ਕਲਚਰਲ ਅਫੇਅਰਜ) ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਦਾ ਉਦੇਸ਼ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਚੰਗੇ ਸੰਸਕਾਰ ਪੈਦਾ ਕਰਨਾ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਨੈਤਿਕ ਸਿੱਖਿਆ ਇਮਤਿਹਾਨ ਦਾ ਇਨਾਮ ਵੰਡ ਸਮਾਰੋਹ

22-Oct-Sunday.qxd 10/21/2023 8:49 PM Page 1

'ਗਦਰ ਆਸ਼ਰਮ' ਸਾਨ ਫ਼ਰਾਂਸਿਸਕੋ...
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

www.nawanzamana.in

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 22 ਅਕਤੂਬਰ 2023

ਕੀਮਤ 5.00 ਰੁਪਏ

ਵਕਤ ਲਿਖੇਗਾ ਸਾਡੇ ਯੁੱਗ ਦੇ
ਲੋਕ ਘਿਸੜਕੇ ਜੀਂਦੇ ਸਨ
ਚੌਕੀਦਾਰ ਲੁਟੇਰਾ ਸੀ
ਤੇ ਸ਼ਾਇਰ ਸੁੱਤਉਣੀਦੇ ਸਨ।

-ਜਗਵਿੰਦਰ ਯੋਧਾ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-19

ਮਨੁੱਖ ਸਮਾਜਕ ਹੈ, ਸਮਾਜ ਜਮਾਤੀ ਹੈ। ਜਮਾਤੀ ਸਮਾਜ ਦੇ ਦੋ ਮੁੱਖ ਕੈਂਪ; 'ਬੁਰਜੂਆਜੀ ਅਤੇ ਪਰੋਲਤਾਰੀਆ' ਹਨ। ਇਹ ਨਾਮਕਰਨ- ਕੈਂਪ, 'ਠੋਸ' ਅਤੇ 'ਅਮੂਰਤ' ਦੀ ਧਾਰਨਾ ਨਾਲ ਸੰਬੰਧਤ ਹਨ। ਇਹ ਦੋਵੇਂ ਸ਼ਬਦ ਦਾਰਸ਼ਨਿਕ-ਧਾਰਨਾ ਦੇ ਹਨ। ਦਾਰਸ਼ਨਿਕ ਧਾਰਨਾਵਾਂ ਠੋਸ ਦਾ ਅਮੂਰਤ ਰੂਪ ਵਰਤਦੀਆਂ ਹਨ। ਬੁਰਜੂਆ ਅਤੇ ਪਰੋਲਤਾਰੀ।

(Bourgeoisie and proletarian)

ਸਮਾਜ ਵਿਚਲੇ ਦੋ ਠੋਸ-ਜੁਟ 'ਲੁੱਟਣ ਵਾਲੇ' ਅਤੇ 'ਲੁੱਟੇ ਜਾਣ ਵਾਲਿਆਂ' ਦੇ ਅਗਵਾਈ ਕਰਤਿਆਂ ਦੇ ਅਮੂਰਤ ਨਾਂਅ ਹਨ। ਸੂਝ ਦੀ ਸਿਖਰ (ਫਲਸਫੇ) ਨੇ ਇਹ ਨਾਮਕਰਨ ਕੀਤਾ ਹੈ। ਲੁੱਟਣ ਵਾਲੇ ਖੜੋਤ ਵਿਚ ਨਹੀਂ ਹਨ, ਉਹ ਨਵੇਂ ਤੋਂ ਨਵਾਂ ਰੂਪ ਧਾਰਦੇ ਹਨ, ਇਸ ਨਵੇਂ ਰੂਪ ਧਾਰਨ ਦੀ ਅਗਵਾਈ ਕਰਤਾ ਨੂੰ ਬੁਰਜੂਆ (Bourgeoisie) ਸੱਦਿਆ ਜਾਂਦਾ ਹੈ ਅਤੇ 'ਲੁੱਟੇ ਜਾਣ ਵਾਲਿਆਂ' ਦੀ ਮੁਕਤੀ ਦੀ ਲੜਾਈ ਦੇ ਆਗੂ ਦਸਤੇ ਨੂੰ ਪਰੋਲਤਾਰੀਆ (Proletarian) ਸੱਦਿਆ ਜਾਂਦਾ ਹੈ।

ਬੁਰਜੂਆਜੀ (Bourgeoisie) ਭਾਵ

ਲੁੱਟਣ ਵਾਲਿਆ ਦੀਆਂ ਕਿੰਨੀਆਂ ਹੀ ਪਰਤਾਂ (ਸਰਮਾਏਦਾਰ, ਜਗੀਰਦਾਰ, ਵਿਕਰੇਤਾ, ਕਾਰੋਬਾਰੀ ਆਦਿ) ਅਤੇ ਰੂਪ ਹਨ, ਉਹਨਾਂ ਦੀ ਸਮੁੱਚੀ ਅਗਵਾਈ ਕਰਤਾ ਆਧੁਨਿਕ ਬੁਰਜੂਆ ਹੈ. ਜਿਵੇਂ ਹੁਣ ਮਾਲੀ ਸਰਮਾਇਆ (Finance Capital) ਹੈ।

ਪਰੋਲਤਾਰੀਆ (Proletarian) ਭਾਵ, ਲੁੱਟੇ ਜਾਣ ਵਾਲਿਆਂ ਦੀਆਂ ਵੀ ਕਿੰਨੀਆਂ ਹੀ ਪਰਤਾਂ (ਉਜਰਤੀ-ਕਿਰਤੀ, ਖੇਤ ਮਜ਼ਦੂਰ, ਸੀਰੀ, ਕਿਸਾਨ, ਮੱਧ-ਵਰਗ, ਸੇਵਾਦਾਰ ਆਦਿ) ਹਨ। ਇਹਨਾਂ ਸਾਰੀਆਂ ਜਮਾਤੀ ਪਰਤਾਂ ਵਿਚੋਂ ਟੁੱਟ ਕੇ ਹੇਠਲੀ ਜਮਾਤੀ ਪਰਤ ਵਿਚ ਜਾਣ ਦਾ ਅਮਲ ਚਲਦਾ ਹੈ। ਕਿਸਾਨ ਟੁੱਟ ਕੇ ਬੇ-ਜ਼ਮੀਨਾ (ਹਿੱਸੇ, ਠੇਕੇ ਦੀ ਖੇਤੀ ਵਾਲਾ), ਫਿਰ ਖੇਤ ਮਜ਼ਦੂਰ ਵਿਚ ਬਦਲ ਜਾਂਦਾ ਹੈ। ਖੇਤ ਮਜ਼ਦੂਰ, ਖੇਤੀ ਦੇ ਮਸ਼ੀਨੀਕਰਨ ਨਾਲ ਦਿਹਾੜੀਦਾਰ ਬਣ ਜਾਂਦਾ ਹੈ। ਹਰ ਖੇਤਰ ਵਿਚ ਵਿਗਿਆਨਕ ਤਕਨੀਕੀ ਉਪਕਰਨ, ਔਜ਼ਾਰ, ਦਿਹਾੜੀਦਾਰ ਨੂੰ ਕੰਮ ਤੋਂ ਬਾਹਰ ਕਰਦੇ ਜਾਂਦੇ ਹਨ। ਮਸ਼ੀਨੀਕਰਨ, ਮਜ਼ਦੂਰ ਨੂੰ ਮਜ਼ਦੂਰ ਦੇ ਮੁਕਾਬਲੇ 'ਤੇ ਖੜਾ ਕਰਦਾ ਹੈ। ਜਦੋਂ ਇਕ ਖਿੱਤੇ (ਸੂਬੇ ਜਾਂ ਦੇਸ਼) ਵਿਚ ਕੰਮ ਦੀ 'ਅਣਹੋਂਦ' ਨਜ਼ਰ ਆਉਂਦੀ ਹੈ ਤਾਂ ਪਰਵਾਸ ਕੰਮ ਦੀ ਉਮੀਦ ਬਣਦਾ ਹੈ। ਕਦੇ ਪਿੰਡਾਂ ਤੋਂ ਸ਼ਹਿਰਾਂ ਵੱਲ, ਹੁਣ ਪਰਦੇਸਾਂ ਵੱਲ ਵੀ ਹੈ।

ਉਦਯੋਗਿਕ ਮੁਕਾਬਲੇਬਾਜ਼ੀ, ਉਦਯੋਗ ਦੇ ਨਵੀਨੀਕਰਨ ਅਮਲ ਨਾਲ ਘੱਟ ਮਜ਼ਦੂਰਾਂ ਦੀ ਲੋੜ ਦੇ ਅਮਲ ਕਾਰਨ ਪਹਿਲੇ ਕਾਮਿਆਂ ਵਿਚੋਂ ਛਾਂਟੀ ਕਰਨ ਦਾ ਅਮਲ ਵਾਪਰਦਾ ਹੈ। ਬੇਰੁਜ਼ਗਾਰੀ ਆਮ ਸਮਾਜਕ ਵਰਤਾਰਾ ਬਣ ਜਾਂਦੀ ਹੈ।

ਵਿਦਿਆ ਹਾਸਲ ਕਰਕੇ ਯੂਨੀਵਰਸਿਟੀਆਂ, ਕਾਲਜਾਂ ਵਿੱਚੋਂ ਡਿਗਰੀਧਾਰੀ ਨਵੀਂ ਪੀੜ੍ਹੀ ਬੇਰੁਜ਼ਗਾਰੀ ਦੇ ਭਰੇ ਸਮਾਜ ਵਿਚ ਠੋਕਰਾਂ ਖਾਣ ਲਗਦੀ ਹੈ। ਇਸ ਤਰ੍ਹਾਂ ਸਾਰੇ ਵਰਗਾਂ ਵਿੱਚੋਂ ਪਰੋਲਤਾਰੀਆ ਭਰਤੀ ਹੁੰਦਾ ਹੈ। ਇਹ ਨਵੀਨ ਕਿਰਤੀ ਹੈ, ਜੋ ਉਜਰਤੀ ਮਜ਼ਦੂਰ ਵਜੋਂ ਵੀ ਪਰਵਾਨ ਨਹੀਂ। ਇਹ ਸਰਮਾਏ ਦੀਆਂ ਲੋੜਾਂ ਤੋਂ ਵਾਧੂ ਹੈ।

ਮਾਰਕਸ ਨੇ ਪਹਿਲਾਂ 'ਕਮਿਊਨਿਸਟ ਮੈਨੀਫੈਸਟੋ' (1848) ਵਿਚ ਅਤੇ ਫਿਰ 'ਦਾਸ-ਕੈਪੀਟਲ' (1867) ਵਿਚ ਪਰੋਲਤਾਰੀਆ ਨੂੰ ਪਰਭਾਸ਼ਤ ਕਰਦਿਆਂ ਲਿਖਿਆ:

Our "Proletarian" is economically none other then the wage-labourer, who produces and increase capital, and is thrown out on the streets, as soon as he is superfluous for the needs of aggrandisement of "Monsieur Capital" (Page-576)

'ਸਾਡਾ ਪਰੋਲਤਾਰੀ ਆਰਥਕ ਪਖੋਂ ਉਜਰਤੀ ਮਜ਼ਦੂਰ ਤੋਂ ਵੱਖਰਾ ਨਹੀ, ਜਿਹੜਾ ਸਰਮਾਏ ਨੂੰ ਪੈਦ ਕਰਦਾ ਅਤੇ ਵਧਾਉਂਦਾ ਹੈ, ਜਦੋਂ ਸ੍ਰੀਮਾਨ ਸਰਮਾਏ ਲਈ ਉਹ ਬੇਲੋੜਾ ਹੋ ਜਾਂਦਾ ਹੈ ਤਾਂ ਉਸ ਨੂੰ ਬੇਰੁਜ਼ਗਾਰ ਕਰਕੇ ਬਾਹਰ ਗਲੀਆਂ ਵਿਚ ਸੁੱਟ ਦਿਤਾ ਜਾਂਦਾ ਹੈ।' (ਸਰਮਾਇਆ-661)

ਮਾਰਕਸ ਪਰੋਲਤਾਰੀਆ ਨੂੰ ਹੀ ਸਭ ਤੋਂ ਵੱਧ ਇਨਕਲਾਬੀ ਕਿਉਂ ਸੱਦਦਾ ਹੈ?

* 'ਉਹਨਾਂ ਸਾਰੀਆਂ ਸ਼੍ਰੇਣੀਆਂ ਵਿਚੋਂ, ਜਿਹੜੀਆਂ ਅੱਜ ਬੁਰਜੂਆਜੀ ਦੇ ਮੁਕਾਬਲੇ ਉਤੇ ਖੜੀਆਂ ਹਨ, ਸਿਰਫ ਪਰੋਲਤਾਰੀ ਹੀ ਸੱਚਮੁੱਚ ਇਨਕਲਾਬੀ ਸ਼੍ਰੇਣੀ ਹੈ। ਦੂਜੀਆਂ ਸ਼੍ਰੇਣੀਆਂ ਦਾ ਨਵੀਨ ਸਨਅਤ ਦੇ ਸਨਮੁਖ ਪਤਨ ਹੋ ਜਾਂਦਾ ਹੈ ਅਤੇ ਉਹ ਅਲੋਪ ਹੋ ਜਾਂਦੀਆਂ ਹਨ। ਪਰੋਲਤਾਰੀ ਨਵੀਨ ਸਨਅਤ ਦੀ ਖਾਸ ਅਤੇ ਲਾਜ਼ਮੀ ਉਪਜ ਹੈ।' (ਮੈਨੀ : ਸਫਾ-41)

ਸਪਸ਼ੱਟ ਹੈ ਸਮੁੱਚੇ ਕਿਰਤੀ ਵਰਗ ਦਾ ਹਰ ਭਾਗ ਨਵੀਨ ਸਨਅਤ ਦੇ ਸਾਹਮਣੇ ਟੁੱਟ ਕੇ ਆਪਣੇ ਤੋਂ ਹੇਠਲੀ ਪਰਤ ਵੱਲ ਜਾ ਰਿਹਾ ਹੈ। ਪਰੋਲਤਾਰੀਆ ਹੇਠਲੀ ਪਰਤ ਹੈ, ਇਹ ਇਸ ਤੋਂ ਹੇਠਾਂ ਜਾ ਹੀ ਨਹੀ ਸਕਦਾ। ਇਸ ਦਾ ਇਕ ਛੋਟਾ, ਮਾਮੂਲੀ ਭਾਗ 'ਲੁੰਪਨ' ਅਵਾਰਾਗਰਦ , ਵਿਕਾਊ, ਭਾੜੇ ਦਾ ਹੱਥਠੋਕਾ ਜ਼ਰੂਰ ਬਣ ਜਾਂਦਾ ਹੈ, ਪਰ ਸਾਰੇ ਇਸ ਹੋਣੀ ਵਿਚ ਨਹੀਂ ਜਾ ਸਕਦੇ।

ਇਸ ਲਈ ਕਿ 'ਇਹਨਾਂ ਪਾਸ ਗੁਆਉਣ ਲਈ ਕੁਝ ਨਹੀ ਹੁੰਦਾ, ਜਿੱਤਣ ਲਈ ਸਾਰਾ ਸੰਸਾਰ ਹੁੰਦਾ ਹੈ।'

ਇਸੇ ਲਈ ਕਮਿਊਨਿਸਟ ਮੈਨੀਫੈਸਟੋ ਦਾ ਮੁਲਾਂਕਣ ਕਰਦਿਆਂ ਲੈਨਿਨ ਲਿਖਦੇ ਨੇ, 'ਪਰੋਲਤਾਰੀਆ ਨਵੇਂ ਸਾਂਝੀਵਾਲ ਸਮਾਜ ਦਾ ਉਸਰੱਈਆ ਹੈ', Proletarian...the creater of a new, communist society.

ਪਰੋਲਤਾਰੀਆ ਬੁਰਜੂਆਜੀ ਦੀ ਵਿਸ਼ੇਸ਼ ਉਪਜ ਹੈ, 'ਬੁਰਜੂਆਜੀ ਦੀ ਹਾਰ ਅਤੇ ਪਰੋਲਤਾਰੀਏ ਦੀ ਜਿੱਤ ਯਕੀਨੀ ਹੈ।' ਮਾਰਕਸ ਦੇ ਸ਼ਬਦ ਹਨ : 'ਬੁਰਜੂਆਜੀ ਦੀ ਹਾਰ ਅਤੇ ਪਰੋਲਤਾਰੀਏ ਦੀ ਜਿੱਤ ਇਕੋ ਜਿੰਨੀ ਅਟੱਲ ਹੈ।' (ਮੈਨੀਫੈਸਟੋ : ਪਹਿਲੇ ਪਾਠ ਦੀ ਆਖਰੀ ਸਤਰ)

ਮਾਰਕਸਵਾਦ ਦੀ ਇਹ ਧਾਰਨਾ ਕਿਉਂ ਹੈ?

ਕਿ, ਪਰੋਲਤਾਰੀਆ ਹੀ ਦੂਜੀਆਂ ਜਮਾਤੀ-ਪਰਤਾਂ (ਅਰਧ-ਪਰੋਲਤਾਰੀਆਂ, ਖੇਤੀ ਮਜ਼ਦੂਰਾਂ, ਕਿਸਾਨਾਂ ਆਦਿ ਸਭ ਪੀੜਤਾਂ) ਦਾ ਸਰਮਾਏਦਾਰੀ ਪ੍ਰਬੰਧ ਤੋਂ ਛੁਟਕਾਰੇ ਦਾ ਆਗੂ ਹੈ, ਕਿਉਂਕਿ, 'ਜਮਾਤੀ- ਘੋਲ' ਪਰੋਲਤਾਰੀਆ ਦੇ ਪੈਂਤੜੇ ਤੋਂ ਹੀ ਲੜਿਆ ਜਾ ਸਕਦਾ ਹੈ, ਬਾਕੀ ਜਮਾਤਾਂ ਦੇ ਘੋਲ, 'ਮਜ਼ਦੂਰ ਘੋਲ', 'ਕਿਸਾਨ ਘੋਲ' ਆਦਿ ਆਰਥਕ ਘੋਲ ਤੱਕ ਸਿਮਟ ਜਾਂਦੇ ਹਨ। ਆਰਥਕ-ਘੋਲ ਪ੍ਰਬੰਧ ਦੀ ਸੀਮਾ ਵਿਚ ਹੁੰਦੇ ਹਨ। ਜਦੋ ਕਿ 'ਹਰ ਜਮਾਤੀ ਘੋਲ ਰਾਜਨੀਤਕ ਘੋਲ ਹੁੰਦਾ ਹੈ।' ਰਾਜਨੀਤਕ ਘੋਲ, ਪ੍ਰਬੰਧ ਵਿਰੁੱਧ, ਸੱਤਾ ਦੇ ਬਦਲਾਓ ਲਈ ਘੋਲ ਹੁੰਦਾ ਹੈ, ਜਿਸ ਬਦਲਾਓ ਨਾਲ ਦੂਜੀਆਂ ਕਿਰਤੀ ਜਮਾਤਾਂ ਦੀ ਮੁਕਤੀ ਦਾ ਰਾਹ ਖੁੱਲ੍ਹਦਾ ਹੈ। ਇਸ ਲਈ ਸਾਰੀਆਂ ਲੁਟੀਦੀਆਂ ਜਮਾਤਾਂ ਦਾ ਮੁਕਤੀਦਾਤਾ ਪਰੋਲਤਾਰੀਆ ਹੈ।

ਇਹ 'ਸੂਝ ਦੀ ਸਿਖਰ' (ਦਰਸ਼ਨ) ਦਾ ਮਾਰਗ-ਦਰਸ਼ਨ ਹੈ। ਇਸ ਤੋਂ ਘੱਟ ਸੂਝ ਨਾਲ ਸਰਦਾ ਨਹੀਂ। ਇਸ ਨੂੰ ਵਿਚਾਰਧਾਰਕ ਅਮਲ ਜਾਂ ਘੋਲ ਸੱਦਿਆ ਜਾਂਦਾ ਹੈ। ਸਰਮਾਏਦਾਰੀ ਦੀ ਚਾਲੂ ਕਾਮਯਾਬੀ ਦਾ ਰਾਜ ਵਿਚਾਰਧਾਰਕ ਘੋਲ ਵਿਚ ਉਸ ਦਾ ਭਾਰੂ ਹੋਣਾ ਹੈ। ਉਸ ਦੇ ਬੱਦੂ-ਪ੍ਰਚਾਰ ਨੇ 'ਪਰੋਲਤਾਰੀ' ਸ਼ਬਦ ਹੀ ਰਾਜਨੀਤਕ ਸ਼ਬਦਾਵਲੀ ਵਿੱਚੋਂ ਲੱਗਭੱਗ ਖਾਰਜ ਕਰਵਾ ਦਿਤਾ ਹੈ, ਜਦੋਂ ਕਿ ਇਸ ਸ਼ਬਦ ਦੀ ਸਹੀ ਧਾਰਨਾ ਬਗੈਰ ਕੋਈ ਵੀ ਪਾਠਕ-ਵਿਅਕਤੀ 'ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ' ਪੜ੍ਹ, ਸਮਝ ਹੀ ਨਹੀ ਸਕਦਾ ਅਤੇ ਨਾ ਹੀ 'ਦਾਸ-ਕੈਪੀਟਲ' ਪੜ੍ਹ, ਸਮਝ ਸਕਦਾ ਹੈ। ਇਹ ਪਦਾਰਥਵਾਦ ਹੈ, ਇਸ ਉਤੇ ਅਮਲ ਲਈ ਇਹ ਲਗਾਤਾਰ ਪੜ੍ਹਨਾ ਅਤੇ ਸਿਖਣਾ ਪੈਂਦਾ ਹੈ।

ਹਰ ਵਿਚਾਰਧਾਰਾ ਦੇ ਆਪਣੇ ਸ਼ਬਦ ਹੁੰਦੇ ਹਨ। ਸ਼ਬਦ ਵਿਚਾਰਧਾਰਾ ਦੇ ਥੰਮ੍ਹ ਹੁੰਦੇ ਹਨ। ਜਦੋਂ ਥੰਮ੍ਹ ਨਾ ਹੋਣ ਛਤਰ (ਛੱਤ) ਨਹੀਂ ਬਣਦੇ। ਸ਼ਬਦ ਗੁਰੂ (ਗਿਆਨ) ਹੈ। 'ਪਰੋਲਤਾਰੀਆ' (ਸ਼ਬਦ) ਸਾਂਝੀਵਾਲ ਸਮਾਜ ਦਾ ਬੁਨਿਆਦੀ-ਥੰਮ੍ਹ ਹੈ। ਇਸ ਨੂੰ ਅਣਡਿੱਠ ਕਰਕੇ ਕੋਈ ਕਾਮਯਾਬੀ ਨਹੀਂ ਹੋ ਸਕਦੀ, ਸਗੋਂ ਪਤਣ ਵੱਲ ਤੋਰਾ ਆਰੰਭ ਹੋ ਜਾਂਦਾ ਹੈ। ਨਤੀਜਾ ਸਾਹਮਣੇ ਹੈ।

ਬੁਰਜੂਆਜੀ ਦੇ ਪਰਚਾਰ ਹਮਲੇ ਦੇ ਡੰਗੇ ਕਥਿਤ 'ਬੁੱਧੀਜੀਵੀਆਂ ਅਤੇ ਖੱਬੇ-ਪੱਖੀਆਂ' ਦੀ ਗਿਣਤੀ ਵੀ ਚੋਖੀ ਹੈ, ਜਿਨ੍ਹਾਂ ਨੂੰ 'ਪਰੋਲਤਾਰੀ-ਫੋਬੀਆ' (ਚਿੜ੍ਹ) ਹੈ। ਕਮਿਊਨਿਸਟ ਵੀ 'ਖੱਬੇ-ਪੱਖੀ' ਨਾਂਅ ਦੀ ਛਤਰੀ ਹੇਠ ਹਨ।

* 'ਕਮਿਊਨਿਸਟ ਆਪਣੇ ਵਿਚਾਰਾਂ ਅਤੇ ਨਿਸ਼ਾਨਿਆਂ ਨੂੰ ਲੁਕਾਉਣ ਨੂੰ ਨਫਰਤ ਕਰਦੇ ਹਨ।

.....ਹਾਕਮ ਸ਼੍ਰੇਣੀਆਂ ਨੂੰ ਕਮਿਊਨਿਸਟ ਇਨਕਲਾਬ ਅੱਗੇ ਕੰਬਣ ਦਿਓ। ਪਰੋਲਤਾਰੀਏ ਕੋਲ ਆਪਣੀਆਂ ਜ਼ੰਜੀਰਾਂ ਤੋਂ ਸਿਵਾ ਗੁਆਉਣ ਲਈ ਕੁਝ ਨਹੀਂ। ਜਿੱਤਣ ਲਈ ਉਹਨਾਂ ਕੋਲ ਪੂਰਾ ਸੰਸਾਰ ਹੈ।' (ਮੈਨੀਫੈਸਟੋ : ਆਖਰੀ ਪੈਰਾ)

'ਹਮ ਮਿਹਨਤਕਸ਼ ਜਗ ਵਾਲੋਂ ਸੇ
ਜਬ ਆਪਣਾ ਹਿੱਸਾ ਮਾਂਗੇਂਗੇ,
ਇਕ ਬਾਗ ਨਹੀਂ ਇਕ ਖੇਤ ਨਹੀਂ
ਹਮ ਸਾਰੀ ਦੁਨੀਆਂ ਮਾਂਗੇਂਗੇ।' (ਫੈਜ਼ ਅਹਿਮਦ ਫੈਜ਼)

ਸਿਧਾਂਤ ਅਮਲੀ ਸੇਧ ਲਈ ਹੁੰਦਾ ਹੈ। ਉਹ ਵਿਚਾਰਧਾਰਕ ਅਤੇ ਅਮਲ ਦੀ ਅਡੋਲਤਾ ਦਾ ਸਰੋਤ ਹੁੰਦਾ ਹੈ। ਸਿਧਾਂਤ ਨੂੰ ਪਰਣਾਇਆ ਅਤੇ ਉਸ ਨੂੰ ਪ੍ਰਗਟਾਉਂਦਾ ਸਾਹਿਤ ਲੋਕ ਮਨਾਂ ਦਾ ਹਿੱਸਾ ਬਣਾਉਣ ਲਈ ਰਚਿਆ ਜਾਂਦਾ ਹੈ। ਲੋਕ ਮਨਾਂ ਦਾ ਹਿੱਸਾ ਬਣਾਉਣ ਦੀ ਕਾਮਯਾਬੀ ਸਾਹਿਤ ਨੂੰ ਕਲਾ ਦੀਆਂ ਬੁਲੰਦੀਆਂ



ਨਾਲ ਵੀ ਨਿਵਾਜਦੀ ਹੈ। ਕਲਾ; ਕੋਮਲਤਾ, ਸਹਿਜਤਾ, ਸਰਲਤਾ ਅਤੇ ਸੂਖਮਤਾਈਆਂ ਦਾ ਪ੍ਰਗਟਾਅ ਹੈ। ਸਿਧਾਂਤ, ਸਾਹਿਤ ਅਤੇ ਕਲਾ ਵੱਡਮੁੱਲੇ ਹਨ। ਸਮਾਜਕ ਬਦਲਾਓ ਵਿਚ ਇਹਨਾਂ ਦਾ ਯੋਗਦਾਨ ਅਣਡਿੱਠ ਕਰਨਾ ਸਦਾ ਮਹਿੰਗਾ ਪਿਆ ਹੈ।

ਭਾਗ-20

ਸੱਚ, ਭਾਵ ਪਦਾਰਥਕ-ਗਤੀ ਦੇ ਨੇਮ, ਸ਼ਕਤੀਸ਼ਾਲੀ ਹੁੰਦੇ ਹਨ। ਉਹਨਾਂ ਦਾ ਉਲੰਘਣ ਮਨੁੱਖ ਦੀ ਝੋਲੀ ਨਹੀਂ ਭਰਦਾ, ਸਗੋਂ ਭਟਕਣ ਅਤੇ ਵਕਤ ਦੀ ਬਰਬਾਦੀ ਦਾ ਹਰਜਾਨਾ ਵੀ ਭਰਨਾ ਪੈਂਦਾ ਹੈ। ਕੁਰੱਤੇ ਤੇ ਗਲਤ ਥਾਂ ਸੁੱਟੇ-ਬੀਜੇ-ਬੀਜ, ਫਲਦੇ ਨਹੀਂ। ਜਾਣੇ, ਅਨਜਾਣੇ ਸੱਚ ਤੋਂ ਵੱਖ ਹੋਣਾ ਹਾਨੀਕਾਰਕ, ਨੁਕਸਾਨ-ਦੇਹ ਸਾਬਤ ਹੁੰਦਾ ਹੈ।

ਅੱਧਾ-ਅਧੂਰਾ ਗਿਆਨ ਵਧੇਰੇ ਨੁਕਸਾਨ ਕਰਦਾ ਹੈ।

ਇਹ ਕਥਨ ਹੈ, ਕਿਉਂਕਿ ਅਧੂਰੇ ਗਿਆਨ ਦੇ ਉੱਦਮ ਅਤੇ ਮਿਹਨਤ ਵੀ ਅਜਾਈਂ ਜਾਂਦੀ ਹੈ। ਕਿੰਨੇ ਸਾਰੇ ਲੋਕ, ਚੰਗੇ ਸਮਾਜਿਕ ਭਵਿੱਖ ਦੀ ਉਮੀਦ ਵਿਚ ਮਨ ਅਤੇ ਤਨ ਦੀ ਮਿਹਨਤ ਖਰਚ ਕਰ ਰਹੇ ਹਨ, ਪਰ ਸਮਾਜਕ ਹਾਲਤ ਬਿਹਤਰੀ ਵੱਲ ਨਹੀਂ ਜਾ ਰਹੀ, ਸਗੋਂ ਨਾਬਰਾਬਰੀ, ਆਰਥਕ ਪਾੜਾ ਵਧ ਰਿਹਾ ਹੈ। ਜਿਹੜੇ ਮਹਾਂ-ਵਿਦਵਾਨ, ਅਰਥਸ਼ਾਸ਼ਤਰੀ "ਟਰਿਕਲਡਾਊਨ" (ਵਿਕਾਸ ਛਣ ਕੇ, ਹੇਠ ਗਰੀਬਾਂ ਕੋਲ ਵੀ ਜਾਊ) ਦੇ "ਸੱਚੇ" ਪਰਚਾਰਕ ਸਨ, ਹੁਣ ਉਹ ਵੀ ਹਕੀਕਤ ਅੱਗੇ ਚੁੱਪ ਹਨ। ਕਿੰਨੇ ਸਾਰੇ 'ਨੇਕ' ਪ੍ਰਚਾਰਕਾਂ ਦਾ ਸਵੈ-ਕਥਨ ਹੈ : "ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਤਮਾ" 'ਉਹਨਾਂ ਦਾ ਲਕਸ਼', ਹੈ। ਇਸ ਉੱਤਮ ਭਾਵਨਾ ਨੂੰ ਕੋਈ ਛੁਟਿਆ ਵੀ ਕਿਵੇਂ ਸਕਦਾ ਹੈ! ਪਰ ਭਾਵਨਾ ਅਤੇ ਹਕੀਕਤ ਵਿਚਕਾਰ ਅੰਤਰ ਸਪੱਸ਼ਟ ਹੈ। ਫਿਰ ਕਿਵੇਂ ਸੱਚੇ ਹੋਈਏ, ਇਹ ਕੂੜ ਦੀ ਕੰਧ ਕਿਵੇਂ ਟੁੱਟੇ, ਇਹ ਅੰਤਰ ਕਿਵੇਂ ਮੁੱਕੇ?

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲ"।।

ਇਸ ਲਈ ਤਾਂ, 'ਨੇਮ' (ਪਦਾਰਥਕ-ਗਤੀ) ਦਾ ਪਾਲਣ ਕਰਨਾ ਪਵੇਗਾ। ਉਸ ਦੀ ਰਜਾ ਵਿਚ ਚਲਣਾ ਪਵੇਗਾ।

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"।।

ਸਮਾਜ ਵਿਚ ਲੁੱਟ ਦੀਆਂ ਬਹੁਤ ਕਿਸਮਾਂ ਹਨ, ਪਰ "ਮਨੁੱਖ ਹੱਥੋਂ ਮਨੁੱਖ ਦੀ ਲੁੱਟ" ਦਾ ਰਾਜ, ਭੇਤ ਕੀ ਹੈ? ਇਹ ਖਾਸ-ਲੁੱਟ ਹੁੰਦੀ ਕਿੱਥੇ ਅਤੇ ਕਿਵੇਂ ਹੈ? ਇਸ ਦਾ ਢੰਗ ਕੀ ਹੈ? ਸਚਿਆਰੇ ਹੋਣ ਲਈ ਅਤੇ ਕੂੜ ਦੀ ਕੰਧ ਢਾਹੁਣ ਲਈ, ਸੱਚ ਨੂੰ ਜਾਣਨਾ ਅਤੇ ਇਸ ਉਪਰ ਖੜਨਾ, ਚੱਲਣਾ ਪੈਣਾ ਹੈ।

ਲੁੱਟ ਦੀ ਜੜ੍ਹ, ਜਿੱਥੋਂ ਅਗਲੀਆਂ ਲੋਟੂ-ਲਗਰਾਂ ਫੁਟਦੀਆਂ ਨੇ, ਉਸ ਜੜ੍ਹ-ਧਰਾਤਲ ਤੋਂ, ਲੁੱਟ ਦੀ ਲਗਰ ਦੇ ਸੋਮੇ (ਕਾਰਨ) ਤੋਂ, ਸੋਕੜੇ, ਖਾਤਮੇ ਦੇ ਰੁਖ, ਬਦਲਾਓ ਦੇ ਰਾਹ ਤੁਰਨਾ ਪੈਣਾ ਹੈ। ਸਚਿਆਰੇ ਹੋਣਾ ਪੈਣੈ। ਸਲੀਕੇ ਦੀ ਮਹੱਤਤਾ ਹੈ।

ਉਦਾਹਰਨ ਮੌਜੂਦ ਹੈ, ਸੰਸਾਰ ਖੇਤੀ ਪ੍ਰਕਿਰਿਆ ਵਿੱਚੋਂ ਲੰਘਿਆ ਹੈ। ਖੇਤੀ, ਪਾਣੀ ਬਗੈਰ ਨਹੀਂ ਹੁੰਦੀ, ਪਾਣੀ ਸਹੀ ਥਾਂ, ਖੇਤੀ 'ਚ ਪੁੱਜੇ, ਇਹ ਉਦੇਸ਼ ਹੁੰਦਾ ਹੈ। ਨਹਿਰਾਂ, ਕੱਸੀਆਂ, ਖਾਲਾਂ ਵਿਚਲੇ ਰਿਸਾਵ, ਗਲਤ ਵਹਾਅ, ਖੱਡਾਂ ਰਾਹੀਂ ਪਾਣੀ ਨਿਕਾਸ ਦੀ ਰੋਕ ਕਰਨੀ ਪੈਂਦੀ ਹੈ। ਇਹ ਬਾਹਰੋਂ ਨਹੀਂ, ਅੰਦਰੋਂ ਹੁੰਦੀ ਹੈ। ਨਹਿਰ, ਕੱਸੀ, ਖਾਲ ਬਾਹਰੋਂ ਨਹੀਂ, ਅੰਦਰੋਂ ਪੱਕੇ ਹੁੰਦੇ ਨੇ। ਖੇਤ ਦੀ ਵੱਟ ਵੀ ਅੰਦਰੋਂ ਪੋਚ ਹੁੰਦੀ ਹੈ।

* ਮਨੁੱਖ ਹੱਥੋਂ ਮਨੁੱਖ ਦੀ ਲੁੱਟ, "ਬੰਦੀ" ਦਾ ਸਥਾਨ ਵੀ ਉਜਰਤੀ-ਕਿਰਤ ਦੀ ਵਰਤੋਂ ਦਾ ਸਥਾਨ ਹੈ। ਇਸ (ਕਿਰਤ-ਸ਼ਕਤੀ) ਦੀ ਵਰਤੋਂ, ਸਮੇਂ ਵਿਚ ਹੁੰਦੀ ਹੈ। ਬਸ ਇਹੀ, ਵਾਧੂ-ਮੁੱਲ ਹੜੱਪਣ ਅਤੇ ਵਾਧੂ-ਮੁੱਲ ਦੀ ਲੁੱਟ ਰੋਕਣ ਨਾਲ ਜੁੜਿਆ, ਉਲਟ-ਦਿਸ਼ਾਵੀ ਵਰਤਾਰਾ ਹੈ। ਜਦੋਂ ਹੀ ਇਹ ਗੱਲ ਤੁਰਦੀ ਹੈ ਤਾਂ ਸਮਾਜ ਵਿਚ ਲੁੱਟਣ ਅਤੇ ਲੁੱਟੇ ਜਾਣ ਵਾਲਿਆਂ ਵਿਚਲਾ ਜਮਾਤੀ-ਹਿੱਤ ਵਖਰੇਵਾਂ, ਹਕੀਕਤ ਸਾਹਮਣੇ ਲੈ ਆਉਂਦਾ ਹੈ ਅਤੇ ਦੋ ਕੈਂਪ ਉੱਭਰ ਆਉਂਦੇ ਹਨ। ਮੱਧ ਵਰਗ ਵੱਲੋਂ ਅਣਜਾਣੇ ਵਿਚ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਾਤਮ

22-Oct-Sunday.qxd 10/21/2023 8:51 PM Page 5

ਵੱਖ-ਵੱਖ ਰਾਜਾਂ 'ਚ ਗਵਰਨਰਾਂ ਦੀ ਮੌਕੇ ਮੁਤਾਬਕ ਮਰਜ਼ੀ ਸੰਵਿਧਾਨ ਦੇ ਮੁਤਾਬਕ ਨਹੀਂ ਮੰਨੀ ਜਾ ਸਕਦੀ

ਵੀਹਾਂ ਤੋਂ ਵੱਧ ਸਾਲ ਪਹਿਲਾਂ ਇੱਕ ਵਾਰੀ ਪੰਜਾਬ ਵਿਧਾਨ ਸਭਾ ਦਾ ਅਜਲਾਸ ਚੱਲਦਾ ਵੇਖਣ ਗਿਆ ਸੀ, ਉਸ ਤੋਂ ਬਾਅਦ ਕਦੀ ਕਿਸੇ ਨੇ ਕਿਹਾ ਵੀ ਨਹੀਂ ਅਤੇ ਮੈਂ ਕਦੇ ਗਿਆ ਵੀ ਨਹੀਂ। ਇੱਕ ਵਾਰੀ ਬੀਤੇ ਦਿਨੀਂ ਜਦੋਂ ਪੰਜਾਬ ਦੀ ਵਿਧਾਨ ਸਭਾ ਨੂੰ ਪੇਪਰਲੈੱਸ ਚਲਾਉਣ ਦਾ ਸਿਸਟਮ ਸ਼ੁਰੂ ਕਰਨਾ ਸੀ, ਉਹ ਸਿਸਟਮ ਸ਼ੁਰੂ ਹੁੰਦਾ ਵੇਖਣ ਗਿਆ ਸਾਂ। ਇਸ ਮਹੀਨੇ ਦੀ ਵੀਹ-ਇੱਕੀ ਤਰੀਕ ਨੂੰ ਜਦੋਂ ਵਿਧਾਨ ਸਭਾ ਦਾ ਵਿਸ਼ੇਸ਼ ਅਜਲਾਸ ਕਰਨ ਦਾ ਐਲਾਨ ਹੋਇਆ ਤਾਂ ਉਸ ਵੇਲੇ ਵੀ ਮਨ ਵਿੱਚ ਇਹੋ ਜਿਹਾ ਵਿਚਾਰ ਨਹੀਂ ਸੀ ਕਿ ਵੇਖਣ ਜਾਊਂਗਾ, ਪਰ ਜਦੋਂ ਸੈਸ਼ਨ ਤੋਂ ਪਹਿਲੀ ਸ਼ਾਮ ਨੂੰ ਪੰਜਾਬ ਦੇ ਗਵਰਨਰ ਦੀ ਚਿੱਠੀ ਆ ਗਈ ਕਿ ਇਹ ਸੈਸ਼ਨ ਗੈਰ-ਸੰਵਿਧਾਨਕ ਹੈ ਤਾਂ ਇਸ ਵਿੱਚ ਦਿਲਚਸਪੀ ਜਾਗ ਪਈ ਸੀ। ਅਗਲੇ ਦਿਨ ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਬਿਆਨ ਆ ਗਏ ਅਤੇ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਬਹੁਜਨ ਸਮਾਜ ਪਾਰਟੀ ਤੱਕ ਸਾਰਿਆਂ ਨੇ ਕਹਿ ਦਿੱਤਾ ਕਿ ਇਹ ਸੈਸ਼ਨ ਬੇਸ਼ੱਕ ਸੰਵਿਧਾਨ ਮੁਤਾਬਕ ਨਹੀਂ, ਪਰ ਉਨ੍ਹਾਂ ਦੇ ਮੈਂਬਰ ਫਿਰ ਵੀ ਇਸ ਸੈਸ਼ਨ ਵਿੱਚ ਜਾਣਗੇ। ਸਰਕਾਰ ਚਲਾਉਣ ਵਾਲੀ ਆਮ ਆਦਮੀ ਪਾਰਟੀ ਦੇ ਬੁਲਾਰੇ ਕਹੀ ਜਾ ਰਹੇ ਸਨ ਕਿ ਉਹ ਸਾਬਤ ਕਰਨਗੇ ਕਿ ਸੰਵਿਧਾਨ ਦੀ ਉਲੰਘਣਾ ਨਹੀਂ ਹੋਈ। ਇਸ ਲਈ ਮੈਂ ਓਥੇ ਹੁੰਦਾ ਸਾਰਾ ਕੁਝ ਅੱਖੀਂ ਦੇਖਣ ਤੁਰ ਪਿਆ।

ਸ਼ਰਧਾਂਜਲੀਆਂ ਦੇਣ ਪਿੱਛੋਂ ਇੱਕ ਵਾਰ ਉਠਾ ਕੇ ਦੁਬਾਰਾ ਸੈਸ਼ਨ ਅਜੇ ਸ਼ੁਰੂ ਹੋਇਆ ਸੀ ਕਿ ਵਿਰੋਧੀ ਧਿਰ ਦੀ ਮੁੱਖ ਪਾਰਟੀ ਕਾਂਗਰਸ ਦੇ ਆਗੂਆਂ ਨੇ ਇਹ ਮੁੱਦਾ ਚੁੱਕ ਲਿਆ ਕਿ ਗਵਰਨਰ ਸਾਹਿਬ ਇਸ ਸੈਸ਼ਨ ਨੂੰ ਸੰਵਿਧਾਨਕ ਨਹੀਂ ਮੰਨਦੇ, ਇਸ ਬਾਰੇ ਸਪੀਕਰ ਸਾਹਿਬ ਸਥਿਤੀ ਸਪੱਸ਼ਟ ਕਰਨ। ਕੁਝ ਦੇਰ ਬਾਅਦ ਸਪੀਕਰ ਨੇ ਕਹਿ ਦਿੱਤਾ ਕਿ ਸੰਵਿਧਾਨ ਮੁਤਾਬਕ ਕੁਝ ਵੀ ਗਲਤ ਨਹੀਂ ਹੋ ਰਿਹਾ। ਕਾਂਗਰਸ ਪਾਰਟੀ ਦੇ ਮੈਂਬਰ ਫੇਰ ਵੀ ਇਹ ਗੱਲ ਮੰਨਣ ਦੀ ਥਾਂ ਸਰਕਾਰ ਤੇ ਸਪੀਕਰ ਖਿਲਾਫ ਨਾਅਰੇ ਲਾਈ ਗਏ। ਕੁਝ ਦੇਰ ਪਿੱਛੋਂ ਜਦੋਂ ਜ਼ੀਰੋ ਆਵਰ ਸ਼ੁਰੂ ਹੋਇਆ ਤਾਂ ਮੁੱਖ ਮੰਤਰੀ ਖੁਦ ਸਦਨ ਵਿੱਚ ਆ ਗਏ। ਕਾਂਗਰਸੀ ਵਿਧਾਇਕਾਂ ਨੇ ਫਿਰ ਮੁੱਦਾ ਉਠਾ ਲਿਆ। ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਹਾਕਮ ਧਿਰ ਦੇ ਦੋ ਵਿਧਾਇਕਾਂ ਦੇ ਬਿਆਨਾਂ ਬਾਰੇ ਵੀ ਸਵਾਲ ਕਰ ਦਿੱਤੇ ਤਾਂ ਮੁੱਖ ਮੰਤਰੀ ਨੇ ਜਵਾਬ ਵਿੱਚ ਸਾਬਕਾ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਖੁਦ ਪ੍ਰਤਾਪ ਸਿੰਘ ਬਾਜਵਾ ਖਿਲਾਫ ਕਾਂਗਰਸ ਹਾਈ ਕਮਾਂਡ ਨੂੰ ਲਿਖੀ ਚਿੱਠੀ ਬਾਰੇ ਦੱਸ ਕੇ ਖਿਲਾਰਾ ਪਾ ਦਿੱਤਾ। ਇਸ ਨਾਲ ਓਥੇ ਵੱਡੀ ਬਦ-ਮਜ਼ਗੀ ਹੋਈ ਤੇ ਪ੍ਰਤਾਪ ਸਿੰਘ ਬਾਜਵਾ ਖਿਲਾਫ ਕਾਰਵਾਈ ਤੱਕ ਦੀ ਮੰਗ ਵੀ ਉੱਠ ਪਈ, ਪਰ ਜਿੰਨਾ ਵੀ ਰੌਲਾ ਇਸ ਗੱਲ ਨਾਲ ਪਿਆ ਹੋਵੇ, ਇਸ ਵੇਲੇ ਉਹ ਸਾਡੇ ਇਸ ਲੇਖ ਦਾ ਵਿਸ਼ਾ ਨਹੀਂ। ਸਾਡੇ ਲਈ ਗਵਰਨਰ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਕੰਮਾਂ ਵਿੱਚ ਹਰ ਵਾਰੀ ਕੋਈ ਨੁਕਤਾ ਲੱਭ ਕੇ ਅੜਿੱਕਾ ਪਾਈ ਜਾਣਾ ਅਸਲ ਵੱਡਾ ਬਣਦਾ ਹੈ। ਇਸ ਵਾਰ ਗਵਰਨਰ ਨੇ ਆਪਣੀ ਚਿੱਠੀ ਵਿੱਚ ਧਮਕੀ ਵੀ ਦੇ ਦਿੱਤੀ ਸੀ ਕਿ ਜੇ ਪੰਜਾਬ ਸਰਕਾਰ ਨੇ ਇਹ ਗੈਰ-ਸੰਵਿਧਾਨਕ ਕਦਮ ਚੁੱਕਣੇ ਜਾਰੀ ਰੱਖੇ ਤਾਂ ਉਹ ਰਾਸ਼ਟਰਪਤੀ ਨੂੰ ਇਸ ਸਰਕਾਰ ਖਿਲਾਫ ਰਿਪੋਰਟ ਭੇਜ ਦੇਣਗੇ, ਜਿਸ ਦੇ ਬਾਅਦ ਸਰਕਾਰ ਤੋੜਨ ਤੱਕ ਦੀ ਕਾਰਵਾਈ ਹੋ ਸਕਦੀ ਹੈ।

ਪਿਛਲੇ ਇੱਕ ਮਹੀਨੇ ਵਿੱਚ ਇਹ ਗੱਲ ਅਸੀਂ ਕਈ ਪ੍ਰੋਗਰਾਮਾਂ ਵਿੱਚ ਕਹੀ ਸੀ ਕਿ ਗਵਰਨਰ ਠੀਕ ਨਹੀਂ ਕਹਿੰਦਾ, ਏਦਾਂ ਸੈਸ਼ਨ ਸੱਦਣਾ ਸੰਵਿਧਾਨ ਦੀ ਕਿਸੇ ਵੀ ਤਰ੍ਹਾਂ ਉਲੰਘਣ ਨਹੀਂ ਤੇ ਇਹ ਗੱਲ ਅਦਾਲਤਾਂ ਵਿੱਚ ਪਹਿਲਾਂ ਨਿਬੇੜੀ ਜਾਣ ਦਾ ਰਿਕਾਰਡ ਮੌਜੂਦ ਹੈ। ਫਿਰ ਵੀ ਅਸੀਂ ਉਨ੍ਹਾਂ ਅਦਾਲਤੀ ਫੈਸਲਿਆਂ ਦਾ ਜ਼ਿਕਰ ਜਾਣਬੁੱਝ ਕੇ ਨਹੀਂ ਸੀ ਕਰਦੇ। ਜਦੋਂ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਇਹੋ ਮਸਲਾ ਫਿਰ ਚੁੱਕਿਆ ਤਾਂ ਮੰਤਰੀ ਅਮਨ ਅਰੋੜਾ ਜਵਾਬ ਦੇਣ ਅਤੇ ਸਥਿਤੀ ਸਪੱਸ਼ਟ ਕਰਨ ਲਈ ਉੱਠੇ ਅਤੇ ਸਾਰੇ ਸਦਨ ਵਿੱਚ ਚੁੱਪ ਛਾ ਗਈ। ਮੰਤਰੀ ਨੇ ਪਹਿਲਾਂ ਵਿਧਾਨ ਸਭਾ ਦੀ ਰੂਲ ਬੁੱਕ ਵਿੱਚ ਪੜ੍ਹ ਕੇ ਦੱਸਿਆ ਕਿ ਇਸ ਤਰ੍ਹਾਂ ਸੈਸ਼ਨ ਕਰਨ ਦੇ ਖਿਲਾਫ ਕਿਤੇ ਇੱਕ ਸ਼ਬਦ ਵੀ ਲਿਖਿਆ ਨਹੀਂ ਲੱਭਾ, ਇਸ ਲਈ ਸੈਸ਼ਨ ਕਿਸੇ ਵੀ ਤਰ੍ਹਾਂ ਸੰਵਿਧਾਨ ਦਾ ਉਲੰਘਣ ਨਹੀਂ ਕਰਦਾ। ਫਿਰ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਸਰਕਾਰ ਦਾ ਤਜਰਬਾ ਦੱਸ ਦਿੱਤਾ। ਵਾਜਪਾਈ ਸਰਕਾਰ ਨੇ ਲੋਕ ਸਭਾ ਦਾ ਸੈਸ਼ਨ 2 ਦਸੰਬਰ 2003 ਨੂੰ ਸੱਦਿਆ ਸੀ ਤੇ 23 ਦਸੰਬਰ ਨੂੰ ਇਹ ਕਹਿ ਕੇ ਉਠਾ ਦਿੱਤਾ ਸੀ ਕਿ 29 ਜਨਵਰੀ 2004 ਨੂੰ ਦੁਬਾਰਾ ਸੈਸ਼ਨ ਕੀਤਾ ਜਾਵੇਗਾ। ਇਸ ਪਿੱਛੋਂ ਲੋੜ ਪਈ ਤਾਂ 29 ਜਨਵਰੀ ਤੱਕ ਉਡੀਕਣ ਦੀ ਬਜਾਏ 20 ਜਨਵਰੀ 2004 ਨੂੰ ਸੱਦ ਲਿਆ ਤਾਂ ਮਹਾਰਾਸ਼ਟਰ ਦੇ ਲੋਕ ਸਭਾ ਮੈਂਬਰ ਰਾਮਦਾਸ ਅਠਾਵਲੇ ਨੇ ਸੁਪਰੀਮ ਕੋਰਟ ਵਿੱਚ ਸ਼ਿਕਾਇਤ ਕਰ ਦਿੱਤੀ ਕਿ ਸੈਸ਼ਨ ਸੱਦ ਕੇ ਵਾਜਪਾਈ ਸਰਕਾਰ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ। ਇਸ ਮਸਲੇ ਬਾਰੇ ਸੁਪਰੀਮ ਕੋਰਟ ਨੇ ਸੰਵਿਧਾਨਕ ਬੈਂਚ ਬਣਾਇਆ ਅਤੇ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਲੰਮੀ ਸੁਣਵਾਈ ਪਿੱਛੋਂ 29 ਮਾਰਚ 2010 ਨੂੰ ਸੰਵਿਧਾਨਕ ਬੈਂਚ ਨੇ ਇਹ ਨਿਰਣਾ ਦਿੱਤਾ ਕਿ ਏਦਾਂ ਸੈਸ਼ਨ ਬੁਲਾਏ ਜਾਣ ਨਾਲ ਸੰਵਿਧਾਨ ਦੀ ਕੋਈ ਉਲੰਘਣਾ ਨਹੀਂ ਹੁੰਦੀ। ਦੂਸਰੀ ਮਿਸਾਲ ਅਮਨ ਅਰੋੜਾ ਨੇ ਇਹ ਦਿੱਤੀ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਇੱਕ ਵਾਰੀ ਏਸੇ ਤਰ੍ਹਾਂ ਮੁਲਤਵੀ ਕੀਤਾ ਸੈਸ਼ਨ ਸੱਦਿਆ ਅਤੇ ਲੈਫਟੀਨੈਂਟ ਗਵਰਨਰ ਤੋਂ ਮਨਜ਼ੂਰੀ ਨਹੀਂ ਸੀ ਲਈ ਤਾਂ ਮੁੱਦਾ ਉਦੋਂ ਵੀ ਅਦਾਲਤ ਵਿੱਚ ਗਿਆ ਸੀ ਤੇ ਅਦਾਲਤ ਨੇ ਉਦੋਂ ਵੀ ਇਹੋ ਕਿਹਾ ਸੀ ਕਿ ਇਸ ਨਾਲ ਸੰਵਿਧਾਨ ਦੀ ਕੋਈ ਉਲੰਘਣਾ ਨਹੀਂ ਹੁੰਦੀ। ਤੀਸਰੀ ਮਿਸਾਲ ਅਮਨ ਅਰੋੜਾ ਨੇ ਦਿੱਤੀ ਤਾਂ ਕਾਂਗਰਸੀ ਆਗੂਆਂ ਲਈ ਮੁਸ਼ਕਲ ਬਣ ਗਈ ਕਿ ਉਨ੍ਹਾਂ ਦੀ ਆਪਣੀ ਪਾਰਟੀ ਦੀ ਸਰਕਾਰ ਨੇ ਵੀ ਏਦਾਂ ਅਜਲਾਸ ਸੱਦਿਆ ਸੀ ਤੇ ਇਸ ਕਦਮ ਨੂੰ ਜਦੋਂ ਗਲਤ ਕਿਹਾ ਗਿਆ ਤਾਂ ਕਾਂਗਰਸੀ ਮੰਤਰੀ ਬ੍ਰਹਮ ਮਹਿੰਦਰਾ ਨੇ ਜਵਾਬ ਦਿੱਤਾ ਸੀ ਕਿ ਏਦਾਂ ਸੈਸ਼ਨ ਕਰਨ ਨਾਲ ਸੰਵਿਧਾਨ ਦੀ ਕੋਈ ਉਲੰਘਣਾ ਨਹੀਂ ਹੁੰਦੀ। ਅਮਨ ਅਰੋੜਾ ਨੇ ਕਾਂਗਰਸ ਦੇ ਆਗੂਆਂ ਨੂੰ ਉਲਟਾ ਸਵਾਲ ਕਰ ਦਿੱਤਾ ਕਿ ਜਦੋਂ ਤੁਹਾਡੀ ਸਰਕਾਰ ਨੇ ਏਦਾਂ ਕੀਤਾ ਸੀ ਤਾਂ ਸੰਵਿਧਾਨ ਦੀ ਉਲੰਘਣਾ ਨਹੀਂ ਸੀ ਤਾਂ ਸਾਡੀ ਸਰਕਾਰ ਦੇ ਏਦਾਂ ਕਰਨ ਨਾਲ ਕਿੱਦਾਂ ਉਲੰਘਣਾ ਹੋ ਗਈ? ਏਥੇ ਆ ਕੇ ਸਿਰਫ ਇੱਕ ਵਿਧਾਇਕ ਪ੍ਰਗਟ ਸਿੰਘ ਨੇ ਕਿਹਾ ਕਿ ਚਲੋ ਠੀਕ ਮੰਨ ਲਉ, ਪਰ ਅਸੀਂ ਤਾਂ ਇਹ ਕਹਿੰਦੇ ਹਾਂ ਕਿ ਗਵਰਨਰ ਨਾਲ ਆਪਸੀ ਗੱਲਬਾਤ ਕਰ ਕੇ ਮਾਮਲਾ ਮੁਕਾ ਦਿਉ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਕਹਿ ਦਿੱਤਾ ਕਿ ਅਸੀਂ ਇਹ ਮੰਨਦੇ ਹਾਂ ਕਿ ਸੰਵਿਧਾਨ ਦੀ ਉਲੰਘਣਾ ਨਹੀਂ ਹੋਈ, ਪਰ ਆਪਾਂ ਮਾਮਲਾ ਹੋਰ ਅੱਗੇ ਨਾ ਵਧਾਈਏ ਤੇ ਜਿੱਦਾਂ ਵੀ ਹੋਵੇ, ਰਾਜ ਦੇ ਲੋਕਾਂ ਦੇ ਕੰਮ ਕਰੀਏ।

ਇਸ ਗੱਲ ਨੂੰ ਹੋਰ ਲੰਮਾ ਖਿੱਚਣ ਦੀ ਬਜਾਏ ਵੇਖਣ ਵਾਲਾ ਨੁਕਤਾ ਇਹ ਹੈ ਕਿ ਗਵਰਨਰ ਪੰਜਾਬ ਬਨਵਾਰੀ ਲਾਲ ਪੁਰੋਹਿਤ ਕੋਈ ਨਵ-ਸਿੱਖੀਏ ਰਾਜਸੀ ਆਗੂ ਨਹੀਂ, ਪਿਛਲੇ ਚਾਲੀ ਸਾਲਾਂ ਤੋਂ ਰਾਜਨੀਤਕ ਖੇਤਰ ਵਿੱਚ ਹਨ। ਲੋਕ ਸਭਾ ਦੀ ਮੈਂਬਰੀ ਉਨ੍ਹਾਂ ਨੇ ਮਾਣੀ ਹੋਈ ਹੈ, ਤਿੰਨ ਰਾਜਾਂ ਦੇ ਗਵਰਨਰ ਰਹਿ ਚੁੱਕੇ ਹਨ ਅਤੇ ਏਨੇ ਤਜਰਬੇ ਵਾਲੇ ਆਗੂ ਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ ਇਸ ਮਾਮਲੇ ਵਿੱਚ ਕਾਨੂੰਨੀ ਸਥਿਤੀ ਆਹ ਹੈ। ਪਤਾ ਹੋਣ ਦੇ ਬਾਵਜੂਦ ਗਵਰਨਰ ਸਾਹਿਬ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਸੰਵਿਧਾਨ ਦੀ ਉਲੰਘਣਾ ਦੇ ਮਿਹਣੇ ਮਾਰਦੇ ਤੇ ਰਾਸ਼ਟਰਪਤੀ ਨੂੰ ਚਿੱਠੀ ਲਿਖ ਕੇ ਸ਼ਿਕਾਇਤਾਂ ਦਿੱਲੀ ਤੱਕ ਪੁਚਾਉਣ ਅਤੇ ਕਾਰਵਾਈ ਦੇ ਦਬਕੇ ਮਾਰਦੇ ਰਹੇ ਸਨ। ਕਦੀ ਉਹ ਪੰਜਾਬ ਸਰਕਾਰ ਨੂੰ ਸੰਵਿਧਾਨ ਦੀ ਧਾਰਾ ਤਿੰਨ ਸੌ ਛਪੰਜਾ ਦਾ ਦਬਕਾ ਛੱਡਦੇ ਹਨ, ਜਿਸ ਨਾਲ ਕਿਸੇ ਰਾਜ ਦੀ ਸਰਕਾਰ ਤੋੜੀ ਜਾ ਸਕਦੀ ਹੈ, ਕਦੇ ਰਸ਼ਟਰਪਤੀ ਨੂੰ ਸ਼ਿਕਾਇਤ ਕਰ ਦੇਣ ਦੀ ਧਮਕੀ ਦੇਂਦੇ ਹਨ। ਦੇਸ਼ ਵਿੱਚ ਲੋਕਤੰਤਰ ਹੈ, ਜਿਸ ਵਿੱਚ ਲੋਕਾਂ ਵੱਲੋਂ ਚੁਣੀ ਸਰਕਾਰ ਨੂੰ ਰਾਜ ਚਲਾਉਣ ਦੇਣਾ ਚਾਹੀਦਾ ਹੈ, ਇਹ ਗੱਲ ਕਈ ਵਾਰ ਅਦਾਲਤੀ ਫੈਸਲਿਆਂ ਵਿੱਚ ਕਹੀ ਜਾ ਚੁੱਕੀ ਹੈ, ਪਰ ਇੱਕ ਜਾਂ ਦੂਸਰੇ ਰਾਜ ਵਿੱਚ ਏਦਾਂ ਦੀ ਸਥਿਤੀ ਵਾਰ-ਵਾਰ ਬਣਦੀ ਹੈ ਕਿ ਗਵਰਨਰ ਸਰਕਾਰਾਂ ਨੂੰ ਨਹੀਂ ਚੱਲਣ ਦੇਂਦੇ। ਗਵਰਨਰ ਪੰਜਾਬ ਦੇ ਵਿਹਾਰ ਤੋਂ ਇਹੋ ਝਲਕਦਾ ਹੈ ਕਿ ਉਹ ਸਰਕਾਰ ਦਾ ਸੰਵਿਧਾਨਕ ਮੁਖੀ ਨਾ ਰਹਿ ਕੇ ਡਰਾਈਵਿੰਗ ਸੀਟ ਮੱਲਣ ਲਈ ਕਾਹਲੇ ਹਨ। ਪਿਛਲੇ ਸਾਲਾਂ ਵਿੱਚ ਕਈ ਵਾਰੀ ਏਦਾਂ ਦੀ ਸਥਿਤੀ ਏਥੇ ਪੈਦਾ ਹੋ ਚੁੱਕੀ ਹੈ, ਜਦੋਂ ਗਵਰਨਰਾਂ ਨੇ ਇੱਕ ਜਾਂ ਦੂਸਰੇ ਮੌਕੇ ਸਰਕਾਰ ਵੱਲੋਂ ਵਿਧਾਨ ਸਭਾ ਤੋਂ ਪਾਸ ਕਰਵਾਏ ਬਿੱਲ ਅਟਕਾਏ ਅਤੇ ਫਿਰ ਖਬਰਾਂ ਦਾ ਹਿੱਸਾ ਬਣਨ ਤੋਂ ਬਚ ਕੇ ਅੰਦਰਖਾਤੇ ਕੀਤੀ ਗਈ ਸਹਿਮਤੀ ਨਾਲ ਉਹੀ ਬਿੱਲ ਪਾਸ ਵੀ ਕਰ ਦਿੱਤੇ ਜਾਂਦੇ ਰਹੇ ਸਨ।

ਇਹ ਤਮਾਸ਼ਾ ਖਤਮ ਹੋਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕਹਿ ਦਿੱਤਾ ਹੈ ਕਿ ਬੇਸ਼ੱਕ ਵਿਧਾਨ ਸਭਾ ਦਾ ਅਜਲਾਸ ਸੰਵਿਧਾਨ ਦੀ ਉਲੰਘਣਾ ਨਹੀਂ ਕਰਦਾ, ਪਰ ਕਿਉਂਕਿ ਗੱਲ ਇਕੱਲੇ ਅਜਲਾਸ ਦੀ ਨਹੀਂ, ਗਵਰਨਰ ਸਾਹਿਬ ਨੇ ਪੰਜਾਬ ਦੇ ਕਈ ਬਿੱਲ ਵੀ ਪਾਸ ਕਰਨ ਤੋਂ ਰੋਕੇ ਹਨ, ਇਸ ਲਈ ਇਸ ਵਾਰੀ ਪੰਜਾਬ ਸਰਕਾਰ ਇਸ ਤਰ੍ਹਾਂ ਦੇ ਵਿਹਾਰ ਦੇ ਖਿਲਾਫ ਸੁਪਰੀਮ ਕੋਰਟ ਜਾਵੇਗੀ। ਜਦੋਂ ਇਸ ਤੋਂ ਪਹਿਲਾਂ ਏਸੇ ਸਾਲ ਗਵਰਨਰ ਸਾਹਿਬ ਨੇ ਪਹਿਲਾਂ ਸਰਕਾਰ ਨੂੰ ਵਿਧਾਨ ਸਭਾ ਦਾ ਸੈਸ਼ਨ ਕਰਨ ਦੀ ਪ੍ਰਵਾਨਗੀ ਦਿੱਤੀ ਅਤੇ ਫਿਰ ਦਿੱਤੀ ਹੋਈ ਪ੍ਰਵਾਨਗੀ ਰੱਦ ਕੀਤੀ ਸੀ, ਉਦੋਂ ਵੀ ਮੁੱਦਾ ਸੁਪਰੀਮ ਕੋਰਟ ਵਿੱਚ ਗਿਆ ਸੀ ਅਤੇ ਗਵਰਨਰ ਵੱਲੋਂ ਪ੍ਰਵਾਨਗੀ ਰੋਕਣ ਨੂੰ ਸੁਪਰੀਮ ਕੋਰਟ ਨੇ ਗਲਤ ਮੰਨਿਆ ਤੇ ਕਿਹਾ ਸੀ ਕਿ ਇਹ ਪ੍ਰਵਾਨਗੀ ਦੇਣਾ ਸੰਵਿਧਾਨਕ ਜ਼ਿਮੇਵਾਰੀ ਹੈ। ਉਸ ਮੌਕੇ ਸੁਪਰੀਮ ਕੋਰਟ ਵਿੱਚ ਸਿਰਫ ਤਿੰਨ ਮਿੰਟਾਂ ਵਿੱਚ ਕੇਸ ਦਾ ਫੈਸਲਾ ਹੋ ਗਿਆ ਸੀ, ਪਰ ਇਨ੍ਹਾਂ ਤਿੰਨ ਮਿੰਟਾਂ ਲਈ ਪੰਜਾਬ ਸਰਕਾਰ ਨੂੰ ਪੰਝੀ ਲੱਖ ਰੁਪਏ ਵਕੀਲਾਂ ਲਈ ਖਰਚਣੇ ਪਏ ਸਨ। ਇਸ ਵਾਰ ਫਿਰ ਜਦੋਂ ਕੇਸ ਸੁਪਰੀਮ ਕੋਰਟ ਵਿੱਚ ਗਿਆ ਤਾਂ ਹੋਰ ਖਰਚ ਪਵੇਗਾ, ਜਿਸ ਬਾਰੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੂੰ ਕੋਈ ਚਿੰਤਾ ਹੀ ਨਹੀਂ। ਸੁਪਰੀਮ ਕੋਰਟ ਇਸ ਤੋਂ ਪਹਿਲਾਂ ਕਈ ਵਾਰੀ ਗਵਰਨਰਾਂ ਦੇ ਅੜਿੱਕਾ ਪਾਊ ਰੋਲ ਬਾਰੇ ਠੋਕ ਕੇ ਫੈਸਲੇ ਦੇ ਚੁੱਕੀ ਹੈ, ਇਸ ਦੇ ਬਾਵਜੂਦ ਬਹੁਤੇ ਗਵਰਨਰਾਂ ਦੇ ਵਿਹਾਰ ਵਿੱਚ ਕੋਈ ਫਰਕ ਨਹੀਂ ਸੀ ਪਿਆ। ਇਹ ਕੁਝ ਵਾਰ-ਵਾਰ ਹੋਈ ਜਾਣ ਨਾਲੋਂ ਇਸ ਬਾਰੇ ਪਾਰਲੀਮੈਂਟ ਵਿੱਚ ਕੋਈ ਫੈਸਲਾ ਸਾਰੇ ਦੇਸ਼ ਲਈ ਕਰ ਲੈਣਾ ਚਾਹੀਦਾ ਹੈ, ਜਿਹੜਾ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਦੀਆਂ ਸਰਕਾਰਾਂ ਉੱਤੇ ਵੀ ਲਾਗੂ ਹੋਵੇ ਤੇ ਉਸ ਦੇ ਵਿਰੋਧ ਦੀਆਂ ਸਰਕਾਰਾਂ ਉੱਪਰ ਵੀ। ਇਹ ਨਹੀਂ ਹੋ ਸਕਦਾ ਕਿ ਕੇਂਦਰ ਸਰਕਾਰ ਚਲਾਉਂਦੀ ਧਿਰ ਦੀਆਂ ਸਰਕਾਰਾਂ ਆਰਾਮ ਨਾਲ ਚੱਲੀ ਜਾਣ ਤੇ ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਗਵਰਨਰ ਚੱਲਣ ਤੋਂ ਰੋਕਣ ਲੱਗੇ ਰਿਹਾ ਕਰਨ। ਲੋਕਤੰਤਰ ਦੀ ਭਾਵਨਾ ਦਾ ਤਕਾਜ਼ਾ ਇਹੋ ਹੈ ਕਿ ਪੈਮਾਨਾ ਸਾਰੀਆਂ ਰਾਜ ਸਰਕਾਰਾਂ ਲਈ ਇੱਕੋ ਰੱਖਿਆ ਜਾਵੇ। ਵੱਖੋ-ਵੱਖ ਰਾਜਾਂ ਵਿੱਚ ਗਵਰਨਰਾਂ ਦੀ ਮੌਕੇ ਮੁਤਾਬਕ ਮਰਜ਼ੀ ਸੰਵਿਧਾਨ ਦੇ ਮੁਤਾਬਕ ਨਹੀਂ ਮੰਨੀ ਜਾ ਸਕਦੀ, ਸੰਵਿਧਾਨ ਤਾਂ ਸੰਵਿਧਾਨ ਹੈ, ਇਸ ਨੂੰ ਕਿਸੇ ਪਾਰਟੀ ਦੀ ਲੋੜ ਅਨੁਸਾਰ ਬਦਲਿਆ ਨਹੀਂ ਜਾ ਸਕਦਾ। ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਕੀ ਤੁਸੀਂ ਸੱਚ-ਮੁੱਚ ਲੜਨਾ ਚਾਹੁੰਦੇ ਹੋ?

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਕਹਿਣ ਨੂੰ ਦੇਵੀ-ਦੇਵਤਿਆਂ, ਰਿਸ਼ੀਆਂ-ਮੁਨੀਆਂ ਅਤੇ ਗੁਰੂਆਂ ਪੀਰਾਂ ਦੀ ਧਰਤੀ 'ਤੇ ਅਜੋਕਾ ਇੰਡੀਆ ਜਾਂ ਭਾਰਤ ਫੈਲਿਆ ਹੋਇਆ ਹੈ। ਗਹੁ ਨਾਲ ਵਾਚਣ 'ਤੇ ਪਤਾ ਲਗਦਾ ਹੈ ਕਿ ਜਿਹੜੇ ਅਣਗਿਣਤ ਦੇਵੀ-ਦੇਵਤੇ ਅਤੇ ਵੱਖ-ਵੱਖ ਵਰਗਾਂ ਦੇ ਗੁਰੂ ਸਾਹਿਬਾਨ ਹਨ ਜਾਂ ਤਾਂ ਉਨ੍ਹਾਂ ਦੀ ਚਲਦੀ ਨਹੀਂ ਜਾਂ ਉਹ ਸੱਚੀਂ-ਮੁੱਚੀਂ ਕੋਈ ਦਖ਼ਲ ਨਹੀਂ ਦੇਣਾ ਚਾਹੁੰਦੇ, ਜਾਂ ਉਨ੍ਹਾਂ ਨੂੰ ਮੰਨਣ ਵਾਲਿਆਂ ਦਾ ਦੋਹਰਾ ਕਿਰਦਾਰ ਹੈ। ਜਿਵੇਂ ਵੱਡੇ ਜਾਨਵਰ ਹਾਥੀ ਬਾਰੇ ਪ੍ਰਚਲਤ ਹੈ ਕਿ ਉਸ ਦੇ ਖਾਣ ਵਾਲੇ ਦੰਦ ਹੋਰ ਹੁੰਦੇ ਹਨ ਅਤੇ ਦਿਖਾਉਣ ਵਾਲੇ ਹੋਰ। ਕੋਈ ਨੇਤਾਵਾਂ ਨੂੰ ਬੇਈਮਾਨ ਆਖ ਰਹੇ ਹਨ। ਕ

22-Oct-Sunday.qxd 10/21/2023 8:51 PM Page 4

ਪੰਜਾਬੀਆਂ ਦੇ ਸੰਤਾਪ ਹੰਢਾਉਣ ਦੇ ਇੱਕ ਦਹਾਕੇ ਦੀ ਵਾਰਤਾ

ਖ਼ਾਕੀ, ਖਾੜਕੂ ਤੇ ਕਲਮ

(ਕਾਲੇ ਦੌਰ ਦੀ ਦਾਸਤਾਨ)
ਜਗਤਾਰ ਸਿੰਘ ਭੁੱਲਰ
ਸਫੇ : 268 : ਮੁੱਲ : 300 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ



ਕਿਤਾਬ ਦੀ

ਪਰਖ ਪੜਚੋਲ

ਡਾ. ਹਰਿੰਦਰ ਸਿੰਘ ਤੁੜ

ਕਲਮ ਨੇ ਹਰ ਯੁੱਗ ਵਿੱਚ ਮਨੁੱਖਤਾ ਦੀ ਭਲਾਈ ਤੇ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਰੱਖਿਆ। ਜਗਤਾਰ ਸਿੰਘ ਭੁੱਲਰ ਦੀ ਪੁਸਤਕ 'ਖਾਕੀ, ਖਾੜਕੂ ਤੇ ਕਲਮ (ਕਾਲੇ ਦੌਰ ਦੀ ਦਾਸਤਾਨ)' ਵਿੱਚ ਕਲਮ ਨੂੰ ਉੱਚਤਾ ਵਜੋਂ ਰੂਪਮਾਨ ਕੀਤਾ ਹੈ। ਏ ਕੇ 47 ਦੇ ਦੌਰ ਵਿੱਚ ਵੀ ਕਲਮ ਦੀ ਸੱਚਾਈ ਬਰਕਰਾਰ ਰਹੀ। ਪੱਤਰਕਾਰਾਂ ਨੇ ਲੋਕਾਂ ਤੱਕ ਸੁਚੇਤ ਰੂਪ ਵਿੱਚ ਜਾਣਕਾਰੀ ਪਹੁੰਚਾਈ। ਇਸ ਪੁਸਤਕ ਤੋਂ ਪਹਿਲਾਂ ਜਗਤਾਰ ਭੁੱਲਰ ਦੀਆਂ ਪੁਸਤਕਾਂ ਦਹਿਸ਼ਤ ਦੇ ਪ੍ਰਛਾਵੇਂ (ਕਹਾਣੀ ਸੰਗ੍ਰਹਿ) 2010, ਪ੍ਰੈੱਸ ਰੂਮ (2019), ਪੰਜਾਬ ਸਿਆਂ ਮੈਂ ਚੰਡੀਗੜ੍ਹ ਬੋਲਦਾਂ (2021) ਪ੍ਰਕਾਸ਼ਤ ਹੋ ਚੁੱਕੀਆਂ ਹਨ। ਜਗਤਾਰ ਭੁੱਲਰ ਨੇ ਪੱਤਰਕਾਰਾਂ ਦੀ ਹੱਡਬੀਤੀ ਨੂੰ ਤੱਥਾਂ ਅਧਾਰਤ ਪ੍ਰਸਤੁਤ ਕੀਤਾ ਹੈ, ਜਿਨ੍ਹਾਂ ਨੇ ਹਰ ਪਲ ਮੌਤ ਦੇ ਛਾਏ ਵਿੱਚ ਬਤੀਤ ਕੀਤੇ, ਉਹਨਾਂ ਨੇ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ, ਸਗੋਂ ਨਿਰਪੱਖ ਪੱਤਰਕਾਰੀ ਕਰਕੇ ਲੋਕਾਂ ਤੱਕ ਵਡਮੁੱਲੀ ਜਾਣਕਾਰੀ ਪਹੁੰਚਾਈ। ਇਸ ਪੁਸਤਕ ਵਿੱਚ 25 ਪੱਤਰਕਾਰ : ਨਵੀਨ ਗਰੇਵਾਲ, ਅਵਿਨਾਸ਼ ਸਿੰਘ, ਹਰਕੰਵਲਜੀਤ ਸਿੰਘ, ਜਸਪਾਲ ਸਿੱਧੂ, ਸ਼ਮੀ ਸਰੀਨ, ਨਰਿੰਦਰ ਸ਼ਰਮਾ, ਅਸ਼ੋਕ ਸੇਠੀ, ਹਰਕੀਰਤ ਸਿੰਘ, ਸਰਬਜੀਤ ਪੰਧੇਰ, ਸੁਖਦੇਵ ਪਟਵਾਰੀ, ਜਗਤਾਰ ਸਿੱਧੂ, ਪਰਾਸ਼ਰ, ਸੁਖਬੰਸ ਗੁਰਬਖਸ਼ਪੁਰੀ, ਜਗਤਾਰ ਸਿੰਘ, ਬਲਜੀਤ ਬੱਲੀ, ਰਮੇਸ਼ ਵਿਨਾਇਕ, ਹਰਜੀਤ ਆਲਮ, ਸੁਖਦੇਵ ਸਿੰਘ, ਚੰਚਲ ਮਨੋਹਰ ਸਿੰਘ, ਕੰਵਲ ਸੰਧੂ, ਅਮਰ ਸਿੰਘ ਮੋਗਾ, ਹਰਬੀਰ ਭੰਵਰ, ਸਰਬਜੀਤ ਧਾਲੀਵਾਲ, ਜਗੀਰ ਸਿੰਘ ਜਗਤਾਰ, ਨਿਰੰਜਣ ਪਰਵਾਨਾ ਆਦਿ ਹਨ। ਇਸ ਤੋਂ ਇਲਾਵਾ ਪੱਤਰਕਾਰੀ ਕਰਦੇ ਹੋਏ ਗੋਲੀਆਂ ਦਾ ਸ਼ਿਕਾਰ ਹੋਏ ਪੱਤਰਕਾਰਾਂ ਦੇ ਨਾਂਅ ਵੀ ਦਰਜ ਹਨ।

ਮੇਰੇ ਅਧਿਐਨ ਦਾ ਕੇਂਦਰੀ ਨੁਕਤਾ 'ਖਾਕੀ, ਖਾੜਕੂ ਤੇ ਕਲਮ : ਪੰਜਾਬ ਇੱਕ ਦਹਾਕੇ ਤੱਕ ਕਿਵੇਂ ਝੁਲਸਿਆ ਤੇ ਤੜਫਿਆ, ਪੰਜਾਬ ਦੀ ਪੱਤਰਕਾਰੀ ਰਾਹੀਂ ਅਣਗੌਲੇ ਤੱਥਾਂ ਦੀ ਗਾਥਾ' ਉੱਤੇ ਹੈ। ਇਸ ਦੇ ਨਾਲ-ਨਾਲ ਪੁਲਸਤੰਤਰ ਦੀ ਤਾਨਾਸ਼ਾਹੀ, ਝੂਠੇ ਮੁਕਾਬਲੇ, ਖਾੜਕੂਆਂ ਦਾ ਭੇਸ ਧਾਰਨ ਕਰਨਾ, ਖਾੜਕੂਆਂ ਦੇ ਪਰਵਾਰਾਂ ਦੀ ਬੇਪਤੀ, ਆਮ ਜਨਤਾ ਉੱਤੇ ਤਸ਼ੱਦਦ, ਕਤਲੇਆਮ ਦਾ ਦੌਰ, ਧੀਆਂ-ਭੈਣਾਂ ਨੂੰ ਜ਼ਬਰਦਸਤੀ ਚੁੱਕਣਾ, ਨਿੱਜੀ ਦੁਸ਼ਮਣੀਆਂ ਵਿੱਚ ਵਾਧਾ, ਬੇਕਸੂਰ ਨੌਜਵਾਨਾਂ ਦੇ ਕਤਲ, ਸਾਕਾ ਨੀਲਾ ਤਾਰਾ ਦੀ ਘਟਨਾ, ਸਿੱਖ ਸਿੱਖੀ ਤੇ ਸਿੱਖੀ ਸਿਧਾਂਤਾਂ ਨੂੰ ਖਤਮ ਕਰਨ ਦੇ ਯਤਨ, ਪੰਜਾਬ ਨਾਲ ਵਿਤਕਰੇ, ਸੈਂਟਰ ਸਰਕਾਰ ਦੀਆਂ ਪੰਜਾਬ ਮਾਰੂ ਨੀਤੀਆਂ, ਪਾਣੀਆਂ ਉੱਤੇ ਡਾਕਾ ਆਦਿ ਵਰਤਾਰਿਆਂ ਦਾ ਜ਼ਿਕਰ ਕੀਤਾ ਗਿਆ ਹੈ।

ਨਵੀਨ ਗਰੇਵਾਲ ਦੀ ਹੱਡਬੀਤੀ 'ਤੇਰੇ ਪਿਉ ਦਾ ਲਿਹਾਜ਼ ਮਾਰ ਗਿਆ ਵਰਨਾ' ਵਿੱਚ ਜ਼ਿਕਰ ਕੀਤਾ ਹੈ ਕਿ ਉਸ ਸਮੇਂ ਖਬਰਾਂ ਦਾ ਪ੍ਰਮੁੱਖ ਕੇਂਦਰ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸਿਆਸਤ, ਅਕਾਲ ਤਖਤ ਸਾਹਿਬ ਅਤੇ ਗੁਰਦੁਆਰੇ ਤੋਂ ਬਾਹਰ ਖਾੜਕੂਵਾਦ ਸੀ। ਉਸ ਸਮੇਂ ਸਮਗਲਿੰਗ ਆਮ ਸੀ, ਕਿਉਂਕਿ ਭਾਰਤ-ਪਾਕਿ ਬਾਰਡਰ 'ਤੇ ਤਾਰ ਨਹੀਂ ਸੀ ਲੱਗੀ। ਪੁਲਸ ਮੁਕਾਬਲੇ ਸਮੇਂ ਸੀ ਆਰ ਪੀ ਐੱਫ ਜਾਂ ਬੀ ਐੱਸ ਐੱਫ ਦੇ ਅਧਿਕਾਰੀ ਵੀ ਨਾਲ ਹੁੰਦੇ ਸਨ। ਪੜ੍ਹਿਆ-ਲਿਖਿਆ ਤੇ ਬੇਰੁਜ਼ਗਾਰ ਪੁਲਸ ਹੱਥੋਂ ਸਤਾਇਆ ਨੌਜਵਾਨ ਵਰਗ ਖਾੜਕੂਵਾਦ ਵਿੱਚ ਸ਼ਾਮਲ ਹੋ ਗਿਆ, ਜਿਸ ਨਾਲ ਨੈੱਟਵਰਕ ਵਿੱਚ ਵਾਧਾ ਹੋਇਆ। ਅਖਬਾਰਾਂ ਰਾਹੀਂ ਸਰਕਾਰ ਤੇ ਜਨਤਾ ਤੱਕ ਖਾੜਕੂ ਆਪਣਾ ਪੱਖ ਰੱਖਦੇ ਸਨ। ਇਸ ਲਈ ਖਬਰ ਛਪਵਾਉਣ ਦਾ ਰੁਝਾਨ ਕਾਫੀ ਵਧ ਗਿਆ। ਅਖਬਾਰਾਂ ਪਿੰਡਾਂ ਤੱਕ ਵੀ ਆਸਾਨੀ ਨਾਲ ਪਹੁੰਚਦੀਆਂ ਸਨ। ਪੱਤਰਕਾਰ ਨਵੀਨ ਗਰੇਵਾਲ ਨੂੰ ਧਮਕੀ ਗਿੱਲ ਵਲੋਂ ਦਿੱਤੀ ਗਈ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਪੁਲਸ ਆਮ ਜਨਤਾ ਨਾਲ ਕਿੰਨਾ ਬੁਰਾ ਸਲੂਕ ਕਰਦੀ ਹੋਵੇਗੀ। ਉਸ ਨੇ ਵੱਡੀ ਪੱਧਰ 'ਤੇ ਨੌਜਵਾਨਾਂ ਦਾ ਕਤਲ ਕੀਤਾ, ਪਰ ਸਰਕਾਰ ਜਾਂ ਅਦਾਲਤ ਵੱਲੋਂ ਕੋਈ ਕਾਰਵਾਈ ਨਾ ਹੋਈ। ਭਾਖੜਾ ਨਹਿਰ ਰਾਹੀਂ ਸੈਂਕੜੇ ਲਾਸ਼ਾਂ ਤੈਰਦੀਆਂ ਹੋਈਆਂ ਰਾਜਸਥਾਨ ਪਹੁੰਚ ਰਹੀਆਂ ਸਨ, ਕਿਉਂਕਿ ਝੂਠੇ ਮੁਕਾਬਲੇ ਬਣਾਏ ਜਾ ਰਹੇ ਸਨ। ਰਾਜਸਥਾਨ ਦੇ ਮੁੱਖ ਸਕੱਤਰ ਨੇ ਪੰਜਾਬ ਸਰਕਾਰ ਨੂੰ ਤਾੜਨਾ ਕੀਤੀ :

ਇਸ ਚਲਾਕੀ ਨੂੰ ਬੰਦ ਕੀਤਾ ਜਾਵੇ। ਜੋ ਪਾਪ ਪੰਜਾਬ ਵਿੱਚ ਹੋ ਰਹੇ ਹਨ, ਉਹ ਪਾਪ ਧੋਣ ਲਈ ਦਰਿਆਵਾਂ ਦਾ ਸਹਾਰਾ ਨਾ ਲਿਆ ਜਾਵੇ। (18)

ਪੁਲਸ ਨੇ ਤਰਨ ਤਾਰਨ, ਅੰਮ੍ਰਿਤਸਰ, ਮਜੀਠਾ ਅਤੇ ਪੱਟੀ ਦੀਆਂ ਮੜ੍ਹੀਆਂ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੇ ਕਤਲ ਕਰਕੇ ਸਾੜ ਦਿੱਤੇ, ਜਿਸ ਬਾਰੇ ਜਸਵੰਤ ਸਿੰਘ ਖਾਲੜਾ ਨੇ ਤੱਥਾਂ/ਸਬੂਤਾਂ ਅਧਾਰਤ ਜਾਣਕਾਰੀ ਅਦਾਲਤ ਵਿੱਚ ਪੇਸ਼ ਕੀਤੀ, ਪਰ ਕਿਸੇ ਵੀ ਉੱਚ ਅਧਿਕਾਰੀ ਉੱਤੇ ਕਾਰਵਾਈ ਨਾ ਹੋਈ, ਸਗੋਂ ਪੁਲਸ ਸਤੰਤਰ ਨੇ ਖਾਲੜਾ ਨੂੰ ਹੀ ਕਤਲ ਕਰਵਾ ਦਿੱਤਾ।

ਰਿਬੈਰੋ ਨੇ 'ਕੈਟ ਨੀਤੀ' ਦੀ ਸ਼ੁਰੂਆਤ ਕੀਤੀ, ਜਿਸ ਦੇ ਤਹਿਤ ਖਾੜਕੂਵਾਦ ਨੂੰ ਖਤਮ ਕਰਨ ਲਈ ਫੜੇ ਗਏ ਖਾੜਕੂਆਂ ਉੱਤੇ ਤਸ਼ੱਦਦ ਢਾਹ ਕੇ ਅਤੇ ਕਈ ਹੋਰ ਤਰੀਕੇ ਅਪਨਾ ਕੇ ਕੈਟ ਬਣਾ ਕੇ ਦੂਜੇ ਖਾੜਕੂਆਂਦੇ ਟਿਕਾਣਿਆਂ ਉੱਤੇ ਹਮਲੇ ਕੀਤੇ ਜਾਂਦੇ। ਕਈ ਮਾਰੇ ਗਏ ਖਾੜਕੂਆਂ ਦੀਆਂ ਜੇਬਾਂ ਵਿੱਚ ਪੁਲਸ ਸ਼ਨਾਖਤੀ ਕਾਰਡ ਨਿਕਲਦੇ, ਜਿਸ ਤੋਂ ਸਾਬਤ ਹੁੰਦਾ ਹੈ ਕਿ ਖਾੜਕੂਆਂ ਦੇ ਭੇਸ ਵਿੱਚ ਪੁਲਸ ਅੱਤਿਆਚਾਰ ਤੇ ਉਧਾਲੇ ਵੀ ਕਰ ਰਹੀ ਸੀ। ਤੱਥ ਪ੍ਰਾਪਤ ਹੁੰਦੇ ਹਨ ਕਿ ਦਰਬਾਰ ਸਾਹਿਬ ਦੀ ਲਾਇਬਰੇਰੀ ਵਿੱਚੋਂ ਕੁਝ ਮਹੱਤਵਪੂਰਨ ਤਸਵੀਰਾਂ ਵੀ ਗਾਇਬ ਹੋਈਆਂ ਸਨ। 'ਰਿਬੈਰੋ ਦਾ ਕਾਮਰੇਡ ਹੱਥ ਸੁਨੇਹਾ, ਬਚ ਕੇ ਰਹਿ ਮਿੱਤਰਾ' ਵਿੱਚ ਜਗਤਾਰ ਸਿੱਧੂ ਨੇ ਆਪਣੀ ਹੱਡ-ਬੀਤੀ ਦਾ ਜ਼ਿਕਰ ਕੀਤਾ ਹੈ। ਰੁਜ਼ਗਾਰ ਦਿਵਾਊ ਅੰਦੋਲਨ ਵਿੱਚ ਸ਼ਾਮਲ ਹੋਣ ਕਰਕੇ ਸਿੱਧੂ ਨੂੰ ਇੱਕ ਮਹੀਨਾ ਤਿਹਾੜ ਜੇਲ੍ਹ ਵਿੱਚ ਕੈਦ ਕੱਟਣੀ ਪਈ। ਖਬਰ ਲਗਵਾਉਣ ਲਈ ਜ਼ਿੰਮੇਵਾਰੀ ਸ਼ਬਦ ਵਰਤਿਆ ਜਾਂਦਾ ਸੀ। ਜਿਸ ਬਾਰੇ ਪੱਤਰਕਾਰਾਂ ਦੇ ਬੱਚੇ ਵੀ ਜਾਣਦੇ ਸਨ। ਸਿੱਧੂ ਦੱਸਦਾ ਹੈ ਕਿ ਖਾੜਕੂਆਂ ਦੀਆਂ ਖਬਰਾਂ ਛਾਪਣ ਕਰਕੇ ਪੁਲਸ ਪੱਤਰਕਾਰਾਂ ਨੂੰ ਜ਼ਿਆਦਾ ਤੰਗ ਕਰਦੀ ਸੀ। ਪੱਤਰਕਾਰਾਂ ਦੀ ਕਮੇਟੀ ਦਾ ਫੈਸਲਾ ਤੇ ਸੁਝਾਅ :

ਖਬਰਾਂ ਵਿੱਚ ਪੱਤਰਕਾਰਾਂ ਦੇ ਨਾਂਅ ਦੀ ਬਜਾਇ ਟ੍ਰਿਬਿਊਨ ਨਿਊਜ਼ ਸਰਵਿਸ ਲਿਖਿਆ ਜਾਵੇ। ਉਸ ਦਿਨ ਤੋਂ ਹੀ ਟ੍ਰਿਬਿਊਨ ਗਰੁੱਪ ਵਿੱਚ ਨਿਊਜ਼ ਸਰਵਿਸ ਸ਼ੁਰੂ ਹੋਈ। (13)

ਜਥੇਬੰਦੀਆਂ ਵੱਲੋਂ ਅਖਬਾਰਾਂ ਵਿੱਚ ਚੋਣਾਂ ਦੇ ਮੁਲਤਵੀ ਕਰਨ ਬਾਰੇ ਅਤੇ ਲੋਕਾਂ ਨੂੰ ਵੋਟਾਂ ਨਾ ਪਾਉਣ ਬਾਰੇ ਚਿੱਠੀ ਵੀ ਪ੍ਰਕਾਸ਼ਤ ਕੀਤੀ ਗਈ। ਜੇਕਰ ਸਿਸਟਮ ਦੀ ਗੱਲ ਕਰੀਏ ਤਾਂ ਸਾਮਰਾਜਵਾਦੀ ਹਕੂਮਤਾਂ ਨੇ ਹਰ ਯੁੱਗ ਵਿੱਚ ਪੰਜਾਬ ਉੱਤੇ ਜ਼ੁਲਮ ਢਾਹਿਆ। ਕਦੀ ਹਮਲਾਵਰਾਂ ਤੇ ਕਦੀ ਆਪਣਿਆਂ ਨੇ ਪੰਜਾਬ ਦੀ ਸਵੈ-ਹੋਂਦ ਤੇ ਸਵੈ-ਪਛਾਣ ਨੂੰ ਖਤਮ ਕਰਨ ਦੇ ਯਤਨ ਕੀਤੇ। ਸੰਤਾਲੀ ਦੀ ਵੰਡ ਸਮੇਂ ਸਭ ਤੋਂ ਜ਼ਿਆਦਾ ਤਸ਼ੱਦਦ ਪੰਜਾਬੀਆਂ ਨੇ ਝੱਲਿਆ, ਪਰ ਕਲਮ ਨੇ ਜ਼ਾਲਮ ਤੇ ਜ਼ੁਲਮ ਦਾ ਵਿਰੋਧ ਕੀਤਾ।

ਪੰਜਾਬ ਦੇ ਦੁੱਖਾਂ, ਗਮੀਆਂ, ਲਾਸ਼ਾਂ, ਬਲਾਤਕਾਰ, ਵਹਿਸ਼ੀਪੁਣੇ ਤੇ ਸ਼ੁਦਾਈਪੁਣੇ ਦੀਆਂ ਅਣਗਿਣਤ ਕਾਲੀਆਂ ਤਸਵੀਰਾਂ, ਦੇਸ਼ ਨੂੰ ਮਿਲੀ ਆਜ਼ਾਦੀ ਨੂੰ ਹਮੇਸ਼ਾ ਹੀ ਜਾਗਦੀ ਜ਼ਮੀਰ ਵਾਲਿਆਂ ਦੀਆਂ ਕਲਮਾਂ ਦੋਸ਼ੀ ਠਹਿਰਾਉਂਦੀਆਂ ਰਹਿਣਗੀਆਂ। (9)

ਨਿਰੰਕਾਰੀਆਂ ਵੱਲੋਂ ਮਾਰੇ ਗਏ ਸਿੱਖਾਂ ਕਾਰਨ ਪੂਰੇ ਪੰਜਾਬ ਵਿੱਚ ਖਾੜਕੂਵਾਦ ਸ਼ੁਰੂ ਹੋਇਆ। ਇਸ ਕਾਲੇ ਦੌਰ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ-ਸਿੱਖ ਪਰਵਾਰ ਮਾਰੇ ਗਏ, ਭਾਈਚਾਰਕ ਸਾਂਝਾਂ ਟੁੱਟੀਆਂ। ਇਸ ਸਮੇਂ ਪੱਤਰਕਾਰਾਂ ਨੂੰ ਬਹੁਤ ਕੁਝ ਸਹਿਣ ਕਰਨਾ ਪਿਆ, ਪਰ ਪੱਤਰਕਾਰੀ ਮਿਹਨਤ, ਈਮਾਨਦਾਰੀ ਤੇ ਨਿਡਰਤਾ ਨਾਲ ਕੀਤੀ। ਜਗਤਾਰ ਭੁੱਲਰ ਦੇ ਵਿਚਾਰ :

ਪੁਲਸ ਮੁਕਾਬਲਿਆਂ ਨੂੰ ਮੌਕੇ 'ਤੇ ਜਾ ਕੇ ਕਵਰ ਕਰਨਾ, ਖਾੜਕੂਆਂ ਦੀਆਂ ਪ੍ਰੈੱਸ ਵਾਰਤਾਵਾਂ, ਪੁਲਸ ਦੀਆਂ ਪ੍ਰੈੱਸ ਵਾਰਤਾਵਾਂ, ਦੋਵਾਂ ਦੇ ਧਮਕੀਆਂ ਭਰੇ ਲਹਿਜ਼ੇ। ਪੁਲਸ ਦਾ ਝੂਠਾ ਮੁਕਾਬਲਾ ਨਸ਼ਰ ਕਰਨਾ ਤਾਂ ਪੁਲਸ ਔਖੀ, ਕਿਸੇ ਖਾੜਕੂ ਜਥੇਬੰਦੀ ਦਾ ਪੂਰਾ ਬਿਆਨ ਨਾ ਛਾਪਿਆ ਤਾਂ ਜਾਨ ਦੀ ਮੁਸੀਬਤ। (11)

'ਸੰਤ ਭਿੰਡਰਾਂ ਵਾਲਿਆਂ ਵੱਲੋਂ ਪਿਸਤੌਲ ਦਾ ਤੋਹਫਾ' ਅਧੀਨ ਜਗਤਾਰ ਸਿੰਘ ਨੇ ਪੱਤਰਕਾਰੀ ਦੌਰਾਨ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਉਹਨਾ ਦੀਆਂ ਪ੍ਰਮੁੱਖ ਪੁਸਤਕਾਂ ਖਾਲਿਸਤਾਨ ਸਟਰਗਲ ਏ ਨੋਨ ਮੂਵਮੈਂਟ ਅਤੇ ਰਿਵਰਜ਼ ਆਨ ਫਾਇਰ ਹਨ। ਉਸ ਸਮੇਂ ਅੰਮ੍ਰਿਤਸਰ ਗਤੀਵਿਧੀਆਂ ਦਾ ਪ੍ਰਮੁੱਖ ਕੇਂਦਰ ਸੀ। ਸੰਤਾਂ ਵੱਲੋਂ ਦਿੱਤੇ ਬਿਆਨ ਅਖਬਾਰਾਂ ਵਿੱਚ ਪ੍ਰਮੁੱਖਤਾ ਵਜੋਂ ਛਪਦੇ ਸਨ। ਸੰਤਾਂ ਦੀ ਜੀਵਨ ਸ਼ੈਲੀ ਸਾਦੀ ਤੇ ਪਰਪੱਕਤਾ ਦੀ ਧਾਰਨੀ ਸੀ। ਉਹ ਵਾਣ ਦੇ ਮੰਜੇ ਉੱਤੇ ਬੈਠਦੇ ਸਨ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਸਨ। ਵਿਰੋਧੀ ਧਿਰਾਂ ਵੱਲੋਂ ਇਹਨਾਂ ਲਈ ਇੱਕ ਨਾਅਰਾ ਬਣਾਇਆ ਸੀ, 'ਅਕਾਲੀ ਦਲ ਦੇ ਤਿੰਨ ਪਾਖੰਡੀ ਬਾਦਲ, ਟੌਹੜਾ ਤੇ ਤਲਵੰਡੀ'। ਖਬਰਾਂ ਤੇ ਇਸ਼ਤਿਹਾਰ ਫਲਾਇੰਗ ਮੇਲ ਰਾਹੀਂ 12 ਵਜੇ ਅੰਮ੍ਰਿਤਸਰ ਤੋਂ ਭੇਜੀਆਂ ਜਾਂਦੀਆਂ ਸਨ। ਪੱਤਰਕਾਰਾਂ ਦੇ ਦਫਤਰ ਹਾਲ ਗੇਟ ਦੇ ਪਿੱਲਰਾਂ ਨੇੜੇ ਸਨ। ਸਿਰਫ ਟ੍ਰਿਬਿਊਨ, ਇੰਡੀਅਨ ਐਕਸਪ੍ਰੈੱਸ ਤੇ ਨਿਊਜ਼ ਏਜੰਸੀਆਂ ਤੋਂ ਹੀ ਟੈਲੀ ਪ੍ਰਿੰਟਰ ਹੁੰਦੇ ਅਤੇ ਖਬਰ ਰਾਤ ਦੇ ਢਾਈ ਵਜੇ ਤੱਕ ਭੇਜੀ ਜਾ ਸਕਦੀ ਸੀ।

ਦਿੱਲੀ ਵਿੱਚ ਨਿਰੰਕਾਰੀ ਗੁਰਬਚਨ ਸਿੰਘ ਦੀ ਹੱਤਿਆ 24 ਅਪ੍ਰੈਲ 1980 ਨੂੰ ਹੋਈ। ਇਸ ਤੋਂ ਬਾਅਦ ਭਿੰਡਰਾਂਵਾਲੇ ਪੱਕੇ ਤੌਰ 'ਤੇ ਨਾਨਕ ਨਿਵਾਸ ਦੀ ਉਪਰਲੀ ਮੰਜ਼ਲ 'ਤੇ ਪੱਤਰਕਾਰਾਂ ਨੂੰ ਮਿਲਦੇ। ਪੌੜੀਆਂ ਦੇ ਦਰਵਾਜ਼ੇ 'ਤੇ ਲਿਖਿਆ, 'ਨੋ ਅਡਮਿਸ਼ਨ ਵਿਦਾਊਟ ਪਰਮਿਸ਼ਨ' ਸੰਤਾਂ ਨਾਲ ਹੋਈ ਇੰਟਰਵਿਊ ਇੰਡੀਅਨ ਐਕਸਪ੍ਰੈੱਸ ਵਿੱਚ 26 ਜੂਨ 1981 ਨੂੰ ਛਾਪੀ। ਜਿਸ ਦਾ ਸਿਰਲੇਖ ਸੀ, 'ਇੱਕ ਦਿਨ ਸੰਤ ਜ਼ਰੂਰ ਸ਼ਹੀਦ ਹੋਣਗੇ'। ਸੰਤ ਜੀ ਦਾ ਮਿਲਾਪੜਾ ਸੁਭਾਅ ਸੀ, ਉਹ ਪੱਤਰਕਾਰਾਂ ਨਾਲ ਹਾਸਾ-ਮਖੌਲ ਵੀ ਕਰ ਲੈਂਦੇ ਤੇ ਦਿਲੋਂ ਇੱਜ਼ਤ ਕਰਦੇ ਸਨ। ਝੁਲਸਦੇ ਪੰਜਾਬ ਵਿੱਚ ਖੁੱਲ੍ਹੇ ਦਾਹੜੇ ਵਾਲੇ ਸਿੱਖ ਚਾਹੇ ਉਹ ਉੱਚ ਅਧਿਕਾਰੀ ਹੋਣ, ਨਿਸ਼ਾਨਾ ਬਣਦੇ ਸਨ। 1982 ਦੀਆਂ ਏਸ਼ੀਅਨ ਖੇਡਾਂ ਵਿੱਚ ਭਜਨ ਲਾਲ ਨੇ ਸਿੱਖਾਂ ਨੂੰ ਬਹੁਤ ਬੇਇੱਜ਼ਤ ਕੀਤਾ, ਨਾਕਿਆਂ ਉੱਤੇ ਸਿੱਖਾਂ ਨੂੰ ਕਾਰਾਂ ਤੇ ਬੱਸਾਂ ਤੋਂ ਉਤਾਰਿਆ ਜਾਂਦਾ ਸੀ। ਉਸ ਨੇ ਸਿੱਖ ਪੱਤਰਕਾਰਾਂ ਨਾਲ ਵੀ ਬੁਰਾ ਵਰਤਾਓ ਕੀਤਾ। ਗਿੱਲ ਤੇ ਜਗਤਾਰ ਵਿਚਕਾਰ ਵੀ ਖਿੱਚੋਤਾਣ ਸੀ, ਕਿਉਂਕਿ ਉਸ ਦਾ ਸਿੱਖਾਂ ਪ੍ਰਤੀ ਨਜ਼ਰੀਆ ਵਿਰੋਧੀ ਸੁਰ ਵਾਲਾ ਸੀ, ਭਾਵੇਂ ਕਿ ਆਪ ਪੱਗ ਬੰਨ੍ਹਦਾ, ਪਰ ਸਿੱਖ ਧਰਮ ਦੇ ਨੈਤਿਕ ਮੁੱਲ ਵਿਧਾਨਾਂ ਤੋਂ ਦੂਰ ਸੀ। ਜਗਤਾਰ ਤੇ ਗਿੱਲ ਵਿਚਕਾਰ ਤਕਰਾਰ :

ਗਿੱਲ ਨੇ ਮਿਹਣਾ ਜਿਹਾ ਮਾਰਦੇ ਹੋਏ ਕਿਹਾ ਕਿ ਤੇਰੀ ਦਾਹੜੀ ਲਹਿਰ ਪ੍ਰਤੀ ਹਮਦਰਦੀ ਦਿਖਾਈ ਦਿੰਦੀ ਹੈ...ਗਿੱਲ ਮੇਰੀ ਦਾਹੜੀ ਦੀ ਤੁਸੀਂ ਚਿੰਤਾ ਨਾ ਕਰੋ ਅਤੇ ਮੇਰੀ ਦਾਹੜੀ ਤੋਂ ਤੁਸੀਂ ਕਿਸ ਵਿਚਾਰਧਾਰਾ ਨੂੰ ਸਮਰਪਿਤ ਆਖ ਦਿੱਤਾ, ਮੈਨੂੰ ਕੋਈ ਫਰਕ ਨਹੀਂ ਪੈਂਦਾ, ਪਰ ਸਿਆਣੇ ਕਹਿੰਦੇ ਹੁੰਦੇ ਨੇ ਭੱਜਦਿਆਂ ਨੂੰ ਵਾਹਣ ਇੱਕੋ ਬਰਾਬਰ ਹੁੰਦੇ ਹਨ। (145)

ਨੌਜਵਾਨਾਂ ਨੇ ਸੁੱਖੇ-ਜਿੰਦੇ ਦੀ ਫਾਂਸੀ ਰੁਕਵਾਉਣ ਲਈ ਅਖਬਾਰਾਂ ਜ਼ਰੀਏ ਪ੍ਰਭਾਵਦਾਇਕ ਸ਼ਬਦਾਵਲੀ ਵਿੱਚ ਚਿੱਠੀ ਪ੍ਰਕਾਸ਼ਤ ਕਰਵਾਈ, ਪਰ ਸਰਕਾਰੀ ਨਿਜ਼ਾਮ ਨੂੰ ਕੋਈ ਅਸਰ ਨਾ ਹੋਇਆ। ਤੱਥ ਪ੍ਰਾਪਤ ਹੁੰਦੇ ਹਨ ਕਿ ਭਾਰਤ-ਪਾਕਿ ਬਾਰਡਰ ਤੋਂ 250 ਰਿਵਾਲਵਰ ਫੜੇ ਗਏ, ਜੋ ਉੱਤਰ ਪ੍ਰਦੇਸ਼ ਪਹੁੰਚਣੇ ਸਨ। ਜੇਕਰ ਰਾਜਨੀਤਕ ਪਾਰਟੀਆਂ ਦੀ ਕਾਰਗੁਜ਼ਾਰੀ ਦੇਖੀ ਜਾਵੇ ਤਾਂ 1978 ਤੋਂ ਹੁਣ ਤੱਕ ਆਮ ਮਨੁੱਖਤਾ ਦਾ ਬਹੁਤ ਘਾਣ ਕੀਤਾ ਹੈ ਤੇ ਪੰਜਾਬ ਦੀ ਚੜ੍ਹਤ ਨੂੰ ਢਹਿੰਦੀ ਕਲਾ ਵਿੱਚ ਬਦਲ ਦਿੱਤਾ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਮਿੰਨੀ ਕਹਾਣੀਆਂ ਦਾ ਖੂਬਸੂਰਤ ਗੁਲਦਸਤਾ

ਸਰਮਾਇਆ

(ਚੋਣਵੀਆਂ ਮਿੰਨੀ ਕਹਾਣੀਆਂ)
ਮੋਹਨ ਸ਼ਰਮਾ
ਸੰਪਾਦਕ : ਸ ਸ ਰਮਲਾ
**ਮੁੱਲ :

22-Oct-Sunday.qxd 10/21/2023 8:52 PM Page 6

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਕਾਰਜਕਾਰਨੀ ਵੱਲੋਂ ਲਏ ਅਹਿਮ ਫੈਸਲੇ

ਜਲੰਧਰ-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਕਾਰਜਕਾਰਨੀ ਦੀ ਇਕੱਤਰਤਾ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬੀਤੇ ਦਿਨੀਂ ਵਿਛੋੜਾ ਦੇ ਗਏ ਕੇਂਦਰੀ ਸਭਾ ਦੇ ਸਾਬਕਾ ਪ੍ਰਧਾਨ ਪ੍ਰੋ. ਅਨੂਪ ਵਿਰਕ ਨੂੰ ਹਾਜ਼ਰ ਸਾਹਿਤਕਾਰਾਂ ਵੱਲੋਂ ਅਕੀਦਤ ਦੇ ਫੁੱਲ ਭੇਟ ਕੀਤੇ।

ਸ੍ਰੀ ਦਰਸ਼ਨ ਬੁੱਟਰ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਈ ਕਾਰਜਕਾਰਨੀ ਦੀ ਮੀਟਿੰਗ ਵਿੱਚ ਹਾਜ਼ਰ ਕਾਰਜਕਾਰਨੀ ਮੈਂਬਰਾਂ ਆਪੋ-ਆਪਣੀ ਜਾਣ-ਪਛਾਣ ਕਰਵਾਈ। ਦੀਪ ਦੇਵਿੰਦਰ ਸਿੰਘ ਨੇ ਕੇਂਦਰੀ ਸਭਾ ਦੇ ਜਥੇਬੰਦਕ ਅਤੇ ਅਕਾਦਮਿਕ ਕੰਮ-ਕਾਜ, ਪੰਜਾਬ ਅਤੇ ਪੰਜਾਬੋਂ ਬਾਹਰ ਜ਼ੋਨ ਸਥਾਪਤ ਕਰਕੇ ਅਹੁਦੇਦਾਰਾਂ ਨੂੰ ਜ਼ਿੰਮੇਵਾਰੀ ਸੌਂਪਣੀ, ਲੇਖਕ ਸੂਚੀ ਅਤੇ ਸੰਵਿਧਾਨ ਦੀ ਸੋਧ ਸੁਧਾਈ ਆਦਿ ਏਜੰਡੇ ਪੇਸ਼ ਕੀਤੇ। ਚਰਚਾ ਕਰਦਿਆਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਮੱਖਣ ਕੁਹਾੜ ਅਤੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਖੇਤਰੀ ਭਾਸ਼ਾਵਾਂ ਨੂੰ ਦਰਪੇਸ਼ ਚੁਣੌਤੀਆਂ ਤੇ ਖਾਸ ਕਰਕੇ ਮਾਤ ਭਾਸ਼ਾ ਪੰਜਾਬੀ 'ਤੇ ਚੁਫੇਰਿਉਂ ਹੋ ਰਹੇ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਕੇਂਦਰੀ ਸਭਾ ਆਲਮੀ ਪੰਜਾਬੀ ਕਾਨਫਰੰਸ ਕਰਵਾਉਣ ਲਈ ਪਹਿਲ-ਕਦਮੀ ਕਰੇ। ਹਾਜ਼ਰ ਮੈਂਬਰਾਂ ਦੇ ਆਏ ਸੁਝਾਵਾਂ ਦੇ ਮੱਦੇਨਜ਼ਰ ਸਭਾ ਵੱਲੋਂ ਸਰਬਸੰਮਤੀ ਨਾਲ ਭਾਸ਼ਾ ਕਨਵੈਨਸ਼ਨ ਫਰਵਰੀ ਮਾਰਚ 2024 ਵਿੱਚ ਕਰਵਾਉਣ 'ਤੇ ਵਿਚਾਰ ਚਰਚਾ ਕੀਤੀ। ਕੇਂਦਰੀ ਸਭਾ ਵੱਲੋਂ 16 ਦਸੰਬਰ ਦੀ ਸ਼ਾਮ ਸੁਖਦੇਵ ਸਾਹਿਲ ਦੀ ਸੂਫੀ ਗਾਇਕੀ ਅਤੇ ਸੂਫੀ ਮੱਤ 'ਤੇ ਵਿਚਾਰ-ਚਰਚਾ ਕਰਵਾਉਣ ਦਾ ਫੈਸਲਾ ਲਿਆ। ਇਹ ਸਮਾਗਮ ਚੰਡੀਗੜ੍ਹ ਦੇ ਕਲਾ-ਭਵਨ ਵਿੱਚ ਕਰਵਾਇਆ ਜਾਵੇਗਾ। ਸੁਰਿੰਦਰਪ੍ਰੀਤ ਘਣੀਆਂ, ਗੁਰਭੇਜ ਸਿੰਘ ਗੁਰਾਇਆ, ਭੁਪਿੰਦਰ ਕੌਰ ਪ੍ਰੀਤ, ਡਾ. ਉਮਿੰਦਰ ਜੌਹਲ ਅਤੇ ਡਾ. ਸ਼ਿੰਦਰਪਾਲ ਸਿੰਘ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਰਾਜਨੀਤਕ ਪਾਰਟੀਆਂ ਤੀਕ ਪਹੁੰਚ ਕਰਕੇ ਉਹਨਾਂ ਨੂੰ ਮਾਤ ਭਾਸ਼ਾ ਪ੍ਰਤੀ ਨੀਤ ਅਤੇ ਨੀਤੀ ਸਪੱਸ਼ਟ ਕਰਨ ਲਈ ਕਿਹਾ ਜਾਵੇ ਅਤੇ ਉਹਨਾਂ ਵੱਲੋਂ ਮਿਲਿਆ ਜਵਾਬ ਜਨਤਕ ਵੀ ਕੀਤਾ ਜਾਵੇ। ਮਨਜੀਤ ਇੰਦਰਾ, ਸ਼ੈਲਿੰਦਰਜੀਤ ਰਾਜਨ, ਦਲਜੀਤ ਸਿੰਘ ਸਾਹੀ, ਗੁਰਪ੍ਰੀਤ ਸਿੰਘ ਰੰਗੀਲਪੁਰ, ਮਦਨ ਵੀਰਾ, ਮੂਲ ਚੰਦ ਸ਼ਰਮਾ, ਦੀਪਕ ਸ਼ਰਮਾ ਚਨਾਰਥਲ, ਵਿਸ਼ਾਲ ਬਿਆਸ ਅਤੇ ਗੁਰਬਿੰਦਰ ਸਿੰਘ ਮਾਣਕ ਆਦਿ ਵੱਲੋਂ ਦਿੱਤੇ ਸੁਝਾਅ ਅਨੁਸਾਰ ਕੇਂਦਰੀ ਸਭਾ ਨਾਲ ਜੁੜੀਆਂ ਸਾਹਿਤ ਸਭਾਵਾਂ ਨੂੰ ਉਤਸ਼ਾਹਿਤ ਕਰਨ ਹਿੱਤ ਪੰਜਾਬ ਅਤੇ ਪੰਜਾਬੋਂ ਬਾਹਰ ਜ਼ੋਨ ਸਥਾਪਤ ਕੀਤੇ ਗਏ

ਹਰ ਜ਼ੋਨ 'ਤੇ ਕੇਂਦਰੀ ਸਭਾ ਦੇ ਸਥਾਨਕ ਅਹੁਦੇਦਾਰ ਅਤੇ ਕਾਰਜਕਾਰਨੀ ਮੈਂਬਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਤਾਂ ਕਿ ਉਹ ਆਪੋ-ਆਪਣੇ ਹਲਕਿਆਂ ਵਿੱਚ ਸਾਹਿਤ ਸਭਾ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਕਰ ਸਕਣ।

ਜ਼ੋਨ 1 (ਅੰਮ੍ਰਿਤਸਰ ਅਤੇ ਤਰਨ ਤਾਰਨ) ਸ਼ੈਲਿੰਦਰਜੀਤ ਰਾਜਨ, ਡਾ. ਪਰਮਜੀਤ ਸਿੰਘ ਬਾਠ, ਮਨਜੀਤ ਸਿੰਘ ਵਸੀ, ਵਿਸ਼ਾਲ ਬਿਆਸ ।

ਜ਼ੋਨ 2 (ਗੁਰਦਾਸਪੁਰ, ਪਠਾਨਕੋਟ) ਮੱਖਣ ਕੁਹਾੜ, ਗੁਰਮੀਤ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਰੰਗੀਲਪੁਰ ਅਤੇ ਹਰਪਾਲ ਸਿੰਘ ਨਾਗਰਾ।

ਜ਼ੋਨ 3 (ਜਲੰਧਰ, ਕਪੂਰਥਲਾ) ਡਾ. ਉਮਿੰਦਰ ਜੌਹਲ, ਗੁਰਬਿੰਦਰ ਸਿੰਘ ਮਾਣਕ ਅਤੇ ਸੁਰਿੰਦਰ ਸਿੰਘ ਖੀਵਾ।

ਜ਼ੋਨ 4 (ਹੁਸ਼ਿਆਰਪੁਰ, ਨਵਾਂਸ਼ਹਿਰ) ਦੀ ਜ਼ਿੰਮੇਵਾਰੀ ਮਦਨ ਵੀਰਾ, ਜਸਵੰਤ ਰਾਏ ਅਤੇ ਗੁਰਮੀਤ ਸਰਾਂ।

ਜ਼ੋਨ 5 (ਲੁਧਿਆਣਾ ਅਤੇ ਮੋਗਾ) ਦਲਜੀਤ ਸਿੰਘ ਸਾਹੀ, ਮਨਜਿੰਦਰ ਸਿੰਘ ਧਨੋਆ, ਐੱਸ ਨਸੀਮ, ਅਨਿਲ ਫਤਿਹਗੜ੍ਹ ਜੱਟਾਂ ਅਤੇ ਗੁਰਸੇਵਕ ਸਿੰਘ ਢਿੱਲੋਂ।

ਜ਼ੋਨ 6 (ਮੁਹਾਲੀ, ਚੰਡੀਗੜ੍ਹ ਅਤੇ ਰੋਪੜ) ਮਨਜੀਤ ਇੰਦਰਾ, ਡਾ. ਸ਼ਿੰਦਰਪਾਲ ਸਿੰਘ, ਦੀਪਕ ਸ਼ਰਮਾ ਚਨਾਰਥਲ, ਯਤਿੰਦਰ ਕੌਰ ਮਾਹਲ।

ਜ਼ੋਨ 7 (ਪਟਿਆਲਾ ਅਤੇ ਫਤਿਹਗੜ੍ਹ ਸਾਹਿਬ) ਬਲਵਿੰਦਰ ਸੰਧੂ, ਹਰਪ੍ਰੀਤ ਰਾਣਾ, ਦੀਪਕ ਸ਼ਰਮਾ ਚਨਾਰਥਲ ਅਤੇ ਸੁਰਿੰਦਰਜੀਤ ਚੌਹਾਨ।

ਜ਼ੋਨ 8 ਵਿੱਚ (ਸੰਗਰੂਰ, ਮਾਲੇਰਕੋਟਲਾ ਅਤੇ ਬਰਨਾਲਾ) ਮੂਲ ਚੰਦ ਸ਼ਰਮਾ ਅਤੇ ਰਜਿੰਦਰ ਰਾਜਨ, ਜਸਬੀਰ ਰਾਣਾ, ਤੇਜਾ ਸਿੰਘ ਤਿਲਕ ਅਤੇ ਸੰਪੂਰਨ ਸਿੰਘ।

ਜ਼ੋਨ 9 (ਫਰੀਦਕੋਟ ਅਤੇ ਫਿਰੋਜ਼ਪੁਰ) ਡਾ. ਦੇਵਿੰਦਰ ਸੈਫੀ।

ਜ਼ੋਨ 10 (ਬਠਿੰਡਾ ਅਤੇ ਮਾਨਸਾ) ਸੁਰਿੰਦਰਪ੍ਰੀਤ ਘਣੀਆਂ, ਰਿਸ਼ੀ ਹਿਰਦੇ ਪਾਲ ਅਤੇ ਅਮਰਜੀਤ ਜੀਤ।

ਜ਼ੋਨ 11 (ਮੁਕਤਸਰ ਅਤੇ ਫਾਜ਼ਿਲਕਾ) ਭੁਪਿੰਦਰ ਕੌਰ ਪ੍ਰੀਤ, ਸੁਖਮਨੀ ਮੀਤ, ਪਰਮਜੀਤ ਢਿੱਲੋਂ।

ਇਸੇ ਤਰ੍ਹਾਂ ਪੰਜਾਬੋਂ ਬਾਹਰ ਦਿੱਲੀ ਜ਼ੋਨ ਗੁਰਭੇਜ ਸਿੰਘ ਗੁਰਾਇਆ ਅਤੇ ਬਲਬੀਰ ਮਾਧੋਪੁਰੀ।

ਹਰਿਆਣਾ ਜ਼ੋਨ : ਕਰਨੈਲ ਚੰਦ, ਰਤਨ ਸਿੰਘ ਢਿੱਲੋਂ, ਕਾਬਲ ਸਿੰਘ ਵਿਰਕ ਅਤੇ ਕੇਸਰਾ ਰਾਮ।

ਜੰਮੂ ਕਸ਼ਮੀਰ ਜ਼ੋਨ : ਖਾਲਿਦ ਹੁਸੈਨ, ਸੁਰਿੰਦਰ ਨੀਰ ਅਤੇ ਸੁਆਮੀ ਅੰਤਰਨੀਰਵ।

ਪੱਛਮੀ ਬੰਗਾਲ ਜ਼ੋਨ : ਜਗਮੋਹਨ ਸਿੰਘ ਗਿੱਲ

ਰਾਜਸਥਾਨ ਜ਼ੋਨ : ਡਾ. ਕਾਬਲ ਸਿੰਘ ਅਤੇ ਭਗਤ ਕੁਮਾਰ

ਬੰਬਈ ਜ਼ੋਨ : ਸ਼ਿਵ ਦਤ, ਰਸ਼ਮੀ ਅਤੇ ਅਮਰਦੀਪ।

ਕੇਂਦਰੀ ਸਭਾ ਦੇ ਬੁਲਾਰੇ ਪੰਜਾਬੀ ਲੇਖਕ ਦੇ ਸੰਪਾਦਕ ਡਾ. ਹਰਜਿੰਦਰ ਸਿੰਘ ਅਟਵਾਲ, ਸਹਾਇਕ ਸੰਪਾਦਕ ਮਦਨ ਵੀਰਾ, ਦੀਪ ਦੇਵਿੰਦਰ ਸਿੰਘ, ਮਨਜੀਤ ਇੰਦਰਾ।

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਸੰਵਿਧਾਨ ਦੀ ਸੋਧ ਅਤੇ ਮੈਂਬਰ ਸੂਚੀ ਦੀ ਸੁਧਾਈ ਅਤੇ ਤਿਆਰੀ ਕਮੇਟੀ ਦੇ ਕਨਵੀਨਰ ਡਾ. ਹਰਜਿੰਦਰ ਸਿੰਘ ਅਟਵਾਲ ਹੋਣਗੇ। ਉਹਨਾਂ ਨਾਲ ਡਾ. ਕਰਮਜੀਤ ਸਿੰਘ, ਮੱਖਣ ਕੁਹਾੜ ਸਹਿਯੋਗੀ ਹੋਣਗੇ। ਇਸੇ ਤਰ੍ਹਾਂ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਦੀ ਅਗਵਾਈ ਵਿਚ ਡਾ. ਸ਼ਿੰਦਰਪਾਲ ਸਿੰਘ, ਡਾ. ਉਮਿੰਦਰ ਜੌਹਲ, ਡਾ. ਗੁਰਭੇਜ ਸਿੰਘ ਗੁਰਾਇਆ, ਡਾ. ਕਰਮਜੀਤ ਸਿੰਘ ਅਤੇ ਦੀਪਕ ਸ਼ਰਮਾ ਚਨਾਰਥਲ ਆਦਿ ਦੀ ਕਮੇਟੀ ਗਠਿਤ ਕਰਕੇ ਸੱਭਿਆਚਾਰਕ ਮਾਮਲਿਆਂ ਪ੍ਰਤੀ ਘੋਖ ਕਰਕੇ ਕੇਂਦਰੀ ਸਭਾ ਨੂੰ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ। ਕੇਂਦਰੀ ਦੀਆਂ ਮਹਿਲਾ ਅਹੁਦੇਦਾਰਾਂ ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ ਅਤੇ ਯਤਿੰਦਰ ਕੌਰ ਮਾਹਲ ਨੂੰ ਔਰਤਾਂ ਨਾਲ ਸੰਬੰਧਤ ਸਰਗਰਮੀਆਂ ਆਦਿ ਕਰਵਾਉਣ ਹਿੱਤ ਜ਼ਿੰਮੇਵਾਰੀ ਵੀ ਸੌਂਪੀ ਗਈ।

ਸ੍ਰੀ ਦਰਸ਼ਨ ਬੁੱਟਰ, ਡਾ. ਹਰਜਿੰਦਰ ਸਿੰਘ ਅਟਵਾਲ, ਮੱਖਣ ਕੁਹਾੜ ਅਤੇ ਡਾ. ਕਰਮਜੀਤ ਸਿੰਘ ਵੱਲੋਂ ਲਿਆਂਦੇ ਮਤੇ ਕਿ ਅਟਾਰੀ-ਵਾਹਗਾ ਸਰਹੱਦ ਰਾਹੀਂ ਗੁਆਂਢੀ ਮੁਲਕ ਪਾਕਿਸਤਾਨ ਨਾਲ ਬੰਦ ਕੀਤਾ ਵਪਾਰ ਦਾ ਰਸਤਾ ਖੋਲ੍ਹਿਆ ਜਾਵੇ। ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਵਿੱਚ ਫਲਸਤੀਨੀਆਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਦੇ ਵਿਰੋਧ ਵਿੱਚ ਹਾਜ਼ਰ ਸਾਹਿਤਕਾਰਾਂ ਵੱਲੋਂ ਹੱਥ ਖੜ੍ਹੇ ਕਰਕੇ ਸਹਿਮਤੀ ਜਤਾਈ ਗਈ। ਇਸ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਰਾਜਨ, ਬਲਵਿੰਦਰ ਸੰਧੂ, ਅਮਰਜੀਤ ਸਿੰਘ ਜੀਤ, ਗੁਰਬਿੰਦਰ ਸਿੰਘ ਮਾਣਕ, ਡਾ. ਹਰਪ੍ਰੀਤ ਸਿੰਘ ਰਾਣਾ, ਯਤਿੰਦਰ ਕੌਰ ਮਾਹਲ, ਮਨਜੀਤ ਸਿੰਘ ਵਸੀ, ਡਾ. ਪਰਮਜੀਤ ਸਿੰਘ ਬਾਠ, ਡਾ. ਜਸਵੰਤ ਰਾਏ, ਗੁਰਮੀਤ ਸਿੰਘ ਸਰਾਂ, ਗੁਰਮੀਤ ਸਿੰਘ ਬਾਜਵਾ, ਰਿਸ਼ੀ ਹਿਰਦੇ ਪਾਲ, ਸੁਰਿੰਦਰਜੀਤ ਚੌਹਾਨ, ਡਾ. ਦੇਵਿੰਦਰ ਸੈਫੀ ਅਤੇ ਗੁਰਸੇਵਕ ਸਿੰਘ ਢਿੱਲੋਂ ਸਮੇਤ ਕਾਰਜਕਾਰਨੀ ਦੇ ਚੌਂਤੀ ਮੈਂਬਰ ਹਾਜ਼ਰ ਸਨ।

—ਦੀਪ ਦੇਵਿੰਦਰ ਸਿੰਘ

ਸਾਹਿਤ ਅਕਾਡਮੀ ਵੱਲੋਂ ਪੁਸਤਕ ਲੋਕ ਅਰਪਣ

ਲੁਧਿਆਣਾ : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਸੇਵਾ ਸਿੰਘ ਰਚਿਤ ਅਤੇ ਗਿਆਨੀ ਗਰਜਾ ਸਿੰਘ ਵੱਲੋਂ ਸੰਪਾਦਿਤ ਪੁਸਤਕ "ਸ਼ਹੀਦ ਬਿਲਾਸ ਭਾਈ ਮਨੀ ਸਿੰਘ" ਦਾ ਤੀਜਾ ਸੰਸਕਰਣ ਲੋਕ ਅਰਪਣ ਕੀਤਾ ਗਿਆ। ਇਹ ਵਾਹਦ ਇਕ ਪੁਸਤਕ ਹੈ, ਜਿਹੜੀ ਭਾਈ ਮਨੀ ਸਿੰਘ ਦੇ ਜੀਵਨ, ਪਰਵਾਰ ਪਿਛੋਕੜ ਅਤੇ ਸ਼ਹੀਦੀ ਬਾਰੇ ਇਤਿਹਾਸਕ ਦਸਤਾਵੇਜ਼ ਹੈ। ਇਸ ਮੌਕੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਇਸ ਪੁਸਤਕ ਬਾਰੇ ਚਾਨਣਾ ਪਾਉਂਦਿਆਂ ਆਖਿਆ ਕਿ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਇਕ ਅਦੁੱਤੀ ਸਿਰਜਣਾਤਮਕ ਅਤੇ ਵਰਤਮਾਨ ਵਿਚ ਇਤਿਹਾਸਕ ਮਹੱਤਵ ਵਾਲੀ ਪੁਸਤਕ ਹੈ। ਉਨ੍ਹਾਂ ਕਿਹਾ ਕਿ ਕਵੀ ਸੇਵਾ ਸਿੰਘ ਭੱਟ ਦਾ ਇਹ ਕਾਵਿ-ਬਿਰਤਾਂਤ ਭਾਈ ਮਨੀ ਸਿੰਘ ਦੀ ਸ਼ਹੀਦੀ ਦਾ ਪੁਰਾਣਾ ਤੇ ਪ੍ਰਮਾਣਿਕ ਬਿਰਤਾਂਤ ਹੈ, ਜਿਸ ਨੂੰ ਗਿਆਨੀ ਗਰਜਾ ਸਿੰਘ ਇਸ ਦੀ ਪ੍ਰਮਾਣਿਕਤਾ ਦੀ ਖੋਜ ਕਰਨ ਲਈ 30 ਸਾਲ ਤੋਂ ਵੱਧ ਸਮਾਂ ਲਗਾਇਆ ਤੇ ਇਸ ਨੂੰ ਪੋਥੀ ਰੂਪ ਵਿਚ ਛਾਪਣ ਦਾ ਨਿਰਣਾ ਕੀਤਾ। ਡਾ. ਜੌਹਲ ਨੇ ਪ੍ਰਕਾਸ਼ਨ ਕਮੇਟੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਇਸ ਬੇਹੱਦ ਖੂਬਸੂਰਤ ਪ੍ਰਕਾਸ਼ਨ ਲਈ ਸ਼ਲਾਘਾ ਕੀਤੀ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮਨੁੱਖੀ ਅਣਖ, ਖ਼ਿਆਲਾਂ ਦੀ ਆਜ਼ਾਦੀ, ਵਹਿਸ਼ੀ ਬਰਬਰਤਾ ਦੇ ਵਿਰੁੱਧ ਆਤਮਿਕ ਬੱਲ ਦੀ ਉੱਚਤਾ ਅਤੇ ਧਰਮ ਦੀ ਰੱਖਿਆ ਦੇ ਪ੍ਰਸੰਗ ਵਿਚ ਭਾਈ ਮਨੀ ਸਿੰਘ ਦੀ ਮਹੱਤਤਾ ਜੀਵਨ ਵਿਚ ਉਸਾਰੂ ਪ੍ਰੇਰਨਾ ਅਤੇ ਆਪਾ ਵਾਰੂ ਜ਼ਿੰਦਗੀ ਦੀ ਇਕ ਸੁੰਦਰ ਮਿਸਾਲ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਦਸੰਬਰ 1961 ਵਿੱਚ ਪਹਿਲੀ ਵਾਰ ਛਪੀ ਇਸ ਪੁਸਤਕ ਦਾ ਦੂਜਾ ਐਡੀਸ਼ਨ 2007 ਵਿੱਚ ਮੁੜ ਪ੍ਰਕਾਸ਼ਨ ਦਾ ਮਾਣ ਮੈਨੂੰ ਹੀ ਮਿਲਿਆ ਸੀ। ਹੁਣ 2023 ਵਿੱਚ ਵੀ ਇਹ ਸੇਵਾ ਮੈਨੂੰ ਹੀ ਮਿਲੀ ਹੈ।

—ਡਾ. ਗੁਰਇਕਬਾਲ ਸਿੰਘ

ਲਿਖਾਰੀ ਸਭਾ ਵੱਲੋਂ ਵਿਚਾਰ-ਚਰਚਾ

ਕੈਲਗਰੀ-ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਹੋਈ। ਜਰਨੈਲ ਸਿੰਘ ਤੱਗੜ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਮੁੱਖ ਮਹਿਮਾਨ ਅਤੇ ਸਾਹਿਤਕ ਰਸੀਆਂ ਨੂੰ ਜੀ ਆਇਆਂ ਆਖਿਆ। ਸ਼ੁਰੂਆਤ ਕੇਸਰ ਸਿੰਘ ਨੀਰ ਦੀ ਗੁਰੂ ਤੇਗ ਬਹਾਦਰ ਜੀ ਬਾਰੇ ਲਿਖੀ ਕਵਿਤਾ ਨਾਲ ਹੋਈ। ਪਰਮਿੰਦਰ ਰਮਨ ਨੇ ਇਕ ਕਵਿਤਾ ਪੇਸ਼ ਕੀਤੀ। ਜਰਨੈਲ ਸਿੰਘ ਨੇ ਡਾ. ਅਮਰਜੀਤ ਸਿੰਘ ਬਾਰੇ ਸੰਖੇਪ ਜਾਣਕਾਰੀ ਦੇਣ ਪਿੱਛੋਂ ਉਨ੍ਹਾਂ ਨੂੰ ਸਟੇਜ 'ਤੇ ਆਉਣ ਦੀ ਬੇਨਤੀ ਕੀਤੀ। ਡਾ. ਅਮਰਜੀਤ ਸਿੰਘ ਦੀ ਸਿੱਖ ਰਹਿਤ ਮਰਯਾਦਾ ਦੇ ਵਿਸ਼ੇ 'ਤੇ ਪੀ ਐੱਚ. ਡੀ. ਕਰਕੇ ਸਰੋਤਿਆਂ ਦੀ ਦਿਲੀ ਖ਼ਾਹਿਸ਼ ਸੀ ਕਿ ਸਿੱਖ ਰਹਿਤ ਮਰਯਾਦਾ ਬਾਰੇ ਸ਼ੰਕੇ ਦੂਰ ਕੀਤੇ ਜਾਣ। ਉਨ੍ਹਾਂ ਵੱਲੋਂ ਸਰੋਤਿਆਂ ਦੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਬਹੁਤ ਹੀ ਤਸੱਲੀਬਖ਼ਸ਼ ਢੰਗ ਨਾਲ ਦਿੱਤੇ। ਡਾ. ਅਮਰਜੀਤ ਸਿੰਘ ਨੇ ਸਿੰਘ ਸਭਾ ਲਹਿਰ ਦਾ 150ਵਾਂ ਸਾਲ ਮਨਾਉਣ ਦੀ ਗੱਲ ਸਾਂਝੀ ਕਰਦਿਆਂ ਬਹੁਤ ਹੀ ਵਿਸਥਾਰ ਨਾਲ ਸਿੰਘ ਸਭਾ ਦੇ ਇਤਿਹਾਸ ਬਾਰੇ ਚਾਨਣਾ ਪਾਇਆ, ਕਿਉਂਕਿ ਉਸ ਸਮੇਂ ਅੰਗਰੇਜ਼ਾਂ ਵੱਲੋਂ ਪੰਜਾਬ ਵਿਚ ਲੋਕਾਂ ਨੂੰ ਸਿੱਖ ਧਰਮ ਨਾਲੋਂ ਤੋੜ ਕੇ ਲੋਕਾਂ ਨੂੰ ਕ੍ਰਿਸਚੀਅਨ ਧਰਮ ਨਾਲ ਜੋੜਨ ਦੇ ਯਤਨ ਹੋ ਰਹੇ ਸਨ। ਇਹ ਸਮੇਂ ਦੀ ਲੋੜ ਸੀ। ਸਿੰਘ ਸਭਾ ਲਹਿਰ ਦੇ ਪੈਦਾ ਹੋਣ ਦੇ ਕਾਰਨ ਅਤੇ ਪ੍ਰਾਪਤੀਆਂ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ।

—ਡਾ. ਜੋਗਾ ਸਿੰਘ

ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ

ਬਰਨਾਲਾ : ਬੀਤੇ ਦਿਨੀਂ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ 13 ਸਾਹਿਤਕ ਸਮਾਗਮ ਅਤੇ ਪੰਜਵਾਂ ਆਫ ਲਾਈਨ ਬਾਲ ਸ਼ਾਇਰਾਂ ਲਈ ਪ੍ਰੋਗਰਾਮ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਜ਼ਿਲ੍ਹਾ ਮੋਗਾ ਵਿਖੇ ਕੀਤਾ ਗਿਆ। ਸਭਾ ਦੀ ਪ੍ਰਧਾਨ ਅੰਜਨਾ ਮੈਨਨ ਨੇ ਦੱਸਿਆ ਕਿ ਸ੍ਰੀ ਚਰਨ ਸਿੰਘ ਭਦੌੜ, ਮਨਦੀਪ ਕੌਰ ਭਦੌੜ ਦੇ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਜ਼ਿਲ੍ਹਾ ਮੋਗਾ ਵੱਲੋਂ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਸਾਹਿਤਕ ਵਰਕਸ਼ਾਪ ਦਾ ਆਯੋਜਨ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਨਾਲ ਮਿਲ ਕੇ ਕੀਤਾ ਗਿਆ। ਇਸ ਵਿਚ ਮੁੱਖ ਮਹਿਮਾਨ ਅੰਜਨਾ ਮੈਨਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਗੁਰਬਿੰਦਰ ਕੌਰ ਗਿੱਲ ਬੱਧਣੀ, ਪਰਦੀਪ ਕੌਰ ਟੱਲੇਵਾਲ, ਰਾਧੀ ਜੋਸ਼ੀ ਨੇ ਸ਼ਿਰਕਤ ਕੀਤੀ। ਸਮਾਗਮ ਵਿੱਚ ਬੱਚਿਆਂ ਦੇ ਰੂ-ਬ-ਰੂ ਹੋ ਕੇ ਉਨ੍ਹਾਂ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਵਾਰਤਕ ਨੂੰ ਸੁਣਿਆ। ਉਸ ਤੋਂ ਬਾਅਦ ਬੁਲਾਰਿਆਂ ਨੇ ਸਾਹਿਤ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਅੰਜਨਾ ਮੈਨਨ ਨੇ ਬੱਚਿਆਂ ਨੂੰ ਸਾਹਿਤ ਪੜ੍ਹਨ ਦੀ ਲੋੜ ਅਤੇ ਮਹੱਤਤਾ ਦੱਸੀ। ਉਨ੍ਹਾਂ ਕਵਿਤਾਵਾਂ ਦੀ ਵਿਸ਼ਾ ਚੋਣ, ਲਿਖਣ ਦੇ ਸੌਖੇ ਢੰਗ ਅਤੇ ਕਲਪਨਾ ਸ਼ਕਤੀ

ਪ੍ਰਤੀਨਿਧ ਮਿੰਨੀ ਕਹਾਣੀਆਂ

ਮਾਂ

ਉਸ ਨੇ ਮੱਥੇ ਵਿੱਚ ਬਿੰਦੀ, ਨੱਕ ਵਿੱਚ ਕੋਕਾ ਤੇ ਜੂੜੇ ਵਿੱਚ ਕਲਿੱਪ ਲਾ ਕੇ ਸ਼ੀਸ਼ੇ ਦੀ ਟੁਕੜੀ ਵਿੱਚ ਆਪਣਾ ਮੂੰਹ ਵੇਖਿਆ। ਇਹ ਸਾਰੀਆਂ ਚੀਜ਼ਾਂ ਉਹ ਕਈ ਚਿਰਾਂ ਤੋਂ ਸਾਂਭ-ਸਾਂਭ ਰੱਖ ਰਹੀ ਸੀ। ਮਾਂ ਨੇ ਕਦੀ ਵੀ ਉਸ ਨੂੰ ਬਿੰਦੀ, ਕਲਿਪ ਤੇ ਕੋਕੇ ਵਰਗੀਆਂ ਚੀਜ਼ਾਂ ਨਹੀਂ ਲਾਉਣ ਦਿੱਤੀਆਂ ਸਨ। ਅੱਜ ਉਹ ਮਾਂ ਵੱਲੋਂ ਸੁਰਖਰੂ ਸੀ। ਉਸ ਨੂੰ ਹੁਣ ਮਨਮਰਜ਼ੀ ਕਰਨ ਤੋਂ ਕੋਈ ਵੀ ਰੋਕਣ ਵਾਲਾ ਨਹੀਂ ਸੀ। ਉਸ ਦੀ ਮਾਂ ਹਰ ਵੇਲੇ ਇਕੋ ਰੱਟ ਲਗਾਈ ਰੱਖਦੀ। 'ਸਾਨੂੰ ਗਰੀਬਾਂ ਨੂੰ ਇਹੋ ਜਿਹੇ ਚੋਚਲੇ ਰਾਸ ਨਹੀਂ ਆਉਂਦੇ।'

ਸ਼ੀਸ਼ੇ ਦੀ ਟੁਕੜੀ ਵਿਚ ਆਪਣਾ ਮੂੰਹ ਵੇਖਦਿਆਂ ਉਸ ਨੂੰ ਆਪਣੇ ਆਪ 'ਤੇ ਗੁਮਾਨ ਜਿਹਾ ਹੋ ਗਿਆ।

ਮਾਂ ਤਾਂ ਕਮਲੀ ਸੀ। ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਈ ਰਹਿੰਦੀ। ਗੋਹੇ ਨਾਲ ਹੱਥ ਲਥੇੜ ਛੱਡਦੀ। ਨਾ ਆਪ ਕਦੇ ਚੱਜ ਦਾ ਪਹਿਨਿਆ ਸੀ, ਨਾ ਕਦੇ ਕਿਸੇ ਨੂੰ ਪਹਿਨਣ ਦਿੱਤਾ ਸੀ। ਸਾਰੇ ਪਿੰਡ ਦਾ ਗੰਦ ਸਿਰ 'ਤੇ ਢੋਹਣ ਦਾ ਜਿਵੇਂ ਉਸ ਨੇ ਠੇਕਾ ਲਿਆ ਹੋਇਆ ਸੀ। ਉਸ ਨੂੰ ਆਪਣੀ ਮਾਂ 'ਤੇ ਇਹੋ ਹਰਖ ਸੀ। 'ਸਾਨੂੰ ਗਰੀਬਾਂ ਨੂੰ ਜੀਣ ਲਈ ਆਪਣਾ ਸੁਹੱਪਣ ਲੁਕਾ ਕੇ ਰੱਖਣਾ ਚਾਹੀਦਾ।' ਮਾਂ ਉਸ ਨੂੰ ਨਸੀਹਤਾਂ ਦੇਂਦੀ।

ਮਾਂ ਦੀ ਮੌਤ ਤੋਂ ਬਾਅਦ ਅੱਜ ਪਹਿਲੇ ਦਿਨ ਇਕੱਲੀ ਉਹ ਸਰਦਾਰਾਂ ਦਾ ਗੋਹਾ ਸੁੱਟਣ ਆਈ ਸੀ। ਗੋਹੇ ਵਿਚ ਹੱਥ ਲਥੇੜਨ ਤੋਂ ਪਹਿਲਾਂ ਉਹ ਆਪਣਾ ਸੁਹੱਪਣ ਵੇਖਣਾ ਚਾਹੁੰਦੀ ਸੀ, ਜਿਸ ਨੂੰ ਮਾਂ ਲੁਕਾ-ਲੁਕਾ ਰੱਖਦੀ ਸੀ। ਬਿੰਦੀ, ਕੋਕਾ ਤੇ ਕਲਿਪ ਤੇ ਸ਼ੀਸ਼ੇ ਦੀ ਟੁਕੜੀ ਉਸ ਨੂੰ ਸਰਦਾਰਾਂ ਦੀ ਹਵੇਲੀ ਵਿਚ ਪਏ ਕਬਾੜ ਵਿੱਚੋਂ ਲੱਭ ਪਏ ਸਨ। ਪਸ਼ੂਆਂ ਵਾਲੇ ਢਾਰੇ ਵਿਚ ਹੀ ਸ਼ੀਸ਼ੇ ਦੀ ਟੁਕੜੀ ਵਿੱਚੋਂ ਆਪਣਾ ਸੁਹੱਪਣ ਵੇਖਦਿਆਂ ਉਸ ਨੇ ਗੋਹੇ ਦੀ ਟੋਕਰੀ ਭਰੀ।

ਉਹ ਗੋਹੇ ਦੀ ਟੋਕਰੀ ਚੁੱਕਣ ਹੀ ਲੱਗੀ ਸੀ ਕਿ ਸਰਦਾਰਾਂ ਦਾ ਮੁੰਡਾ ਡੰਗਰਾਂ ਵਾਲੀ ਖੁਰਲੀ ਵਿਚ ਹੱਥ ਮਾਰਦਾ, ਅੱਖਾਂ ਪਾੜ-ਪਾੜ ਕੇ ਝਾਕਦਾ ਜਾਪਿਆ।

ਉਸ ਨੇ ਦੋਵਾਂ ਹੱਥਾਂ ਦੇ ਜ਼ੋਰ ਨਾਲ ਗੋਹੇ ਦੀ ਭਰੀ ਟੋਕਰੀ ਚੁੱਕ ਤਾਂ ਲਈ, ਪਰ ਉਸ ਨੂੰ ਮਾਂ ਦੀ ਅਣਹੋਂਦ ਤੋਂ ਬਿਨਾਂ ਧਰਤੀ ਡੋਲਦੀ ਜਾਪੀ। ਭਉ ਜਿਹਾ ਆ ਗਿਆ ਤੇ ਉਹ ਡਿੱਗਦੀ-ਡਿੱਗਦੀ ਮਸਾਂ ਬਚੀ!

- ਇਕਬਾਲ ਸਿੰਘ ਹਮਜਾਪੁਰ

ਲਾਡਲੀ

ਠੱਲੀ ਘਰ ਵਿਚ ਅਣਚਾਹੀ ਕੁੜੀ ਸੀ। ਬੇਇੱਜ਼ਤੀ ਅਤੇ ਅਣਗਹਿਲੀ ਨੂੰ ਬਰਦਾਸ਼ਤ ਕਰਦਿਆਂ ਉਹਦਾ ਸੁਭਾਅ ਚਿੜਚਿੜਾ ਹੋ ਗਿਆ ਸੀ। ਘਰ ਵਿਚ ਸ਼ੁਰੂ ਵਿਚ ਸਾਰੇ ਉਹਨੂੰ ਨਿਠੱਲੀ ਕਹਿੰਦੇ ਸਨ। ਨਿਠੱਲੀ ਕਦੋਂ ਠੱਲੀ ਹੋ ਗਈ ਉਹਨੂੰ ਖੁਦ ਨੂੰ ਵੀ ਪਤਾ ਨਹੀਂ ਲੱਗਿਆ। ਸਾਰੇ ਉਹਨੂੰ ਠੱਲੀ ਕਹਿ ਕੇ ਬੁਲਾਉਂਦੇ।

"ਮਾਂ ਮੈਨੂੰ ਸਕੂਲ ਵਿਚ ਦਾਖਲ ਕਰਵਾ ਦਿਓ। ਕੁਝ ਪੜ੍ਹ ਲਿਖ ਕੇ ਕਿਸੇ ਕੰਮ-ਕਾਰ ਜੋਗੀ ਹੋ ਜਾਵਾਂ। ਇੱਥੇ ਨਾ ਸਹੀ ਬਿਗਾਨੇ ਘਰ ਜਾ ਕੇ ਤਾਂ ਚੰਗਾ ਕਹਾ ਲਵਾਂ। ਏਵੇਂ ਹੀ ਗੋਹਾ-ਕੂੜਾ ਕਰਦਿਆਂ ਉਮਰ ਨਾ ਲੰਘ ਜਾਵੇ।" ਠੱਲੀ ਨੇ ਆਪਣੇ ਭਵਿੱਖ ਦੀ ਚਿੰਤਾ ਜਤਾਉਂਦਿਆਂ ਮਾਂ ਨੂੰ ਕਿਹਾ। ਉਹਦਾ ਸੁਝਾਅ ਮਾਂ ਦੇ ਮਨ ਨੂੰ ਲੱਗਿਆ। ਘਰ ਦੇ ਕੰਮ ਤਾਂ ਏਵੇਂ ਹੀ ਚੱਲਦੇ ਰਹਿਣਗੇ। ਇਹੀ ਸੋਚ ਕੇ ਉਹ ਉਸਨੂੰ ਅਗਲੇ ਦਿਨ ਸਕੂਲ ਵਿਚ ਦਾਖਲ ਕਰਵਾਉਣ ਲੈ ਗਈ। ਅਧਿਆਪਕ ਦਾਖਲੇ ਦਾ ਫਾਰਮ ਭਰਨ ਲੱਗਿਆ ਤਾਂ ਉਹਦਾ ਨਾਂਅ ਪੁੱਛਿਆ, "ਨਾਂਅ ਕੀ ਲਿਖਣਾ ਹੈ ਬੇਟੀ ਦਾ"

"ਘਰ ਵਿਚ ਤਾਂ ਸਾਰੇ ਇਹਨੂੰ ਠੱਲੀ ਬੁਲਾਉਂਦੇ ਹਨ। ਹੁਣ ਤੁਸੀਂ ਕੋਈ ਚੰਗਾ ਜਿਹਾ ਨਾਂਅ ਲਿਖ ਦਿਓ।"

"ਮਾਂ ਮੇਰਾ ਨਾਂਅ ਲਾਡਲੀ ਲਿਖਾ ਦਿਓ। ਜਦੋਂ ਸਾਰੇ ਮੈਨੂੰ ਲਾਡਲੀ ਬੁਲਾਉਣਗੇ ਤਾਂ ਮੇਰਾ ਮਨ ਰਾਜ਼ੀ ਹੋ ਜਾਵੇਗਾ ਕਿ ਭਾਵੇਂ ਝੂਠ ਹੀ ਸਹੀ ਲਾਡਲੀ ਹਾਂ।"

ਅਧਿਆਪਕ ਨੇ ਫਾਰਮ 'ਤੇ ਲਾਡਲੀ ਨਾਂਅ ਲਿਖ ਕੇ ਉਹਦੇ ਚਿਹਰੇ 'ਤੇ ਨਜ਼ਰ ਮਾਰੀ ਤਾਂ ਉਹਦੇ ਚਿਹਰੇ 'ਤੇ ਅਣਗੌਲੇਪਣ ਦੇ ਭਾਵ ਕੁੱਝ ਸਮੇਂ ਲਈ ਧੋਤੇ ਗਏ ਸਨ। ਹੁਣ ਉਹ ਆਤਮਵਿਸ਼ਵਾਸ ਨਾਲ ਚਮਕ ਰਹੀ ਸੀ।

- ਸੁਭਾਸ਼ ਸਲੂਜਾ

ਬਿਗਾਨੀ ਧੀ

ਬਾਰਾਂ ਸਾਲ ਭਾਵੇਂ ਹੋ ਗਏ ਸਨ ਸ਼ਰਨੀ ਦੇ ਵਿਆਹ ਨੂੰ, ਪਰ ਅਜੇ ਤੱਕ ਉਸ ਨੂੰ ਆਪਣੇ ਘਰਵਾਲੇ ਦੀ ਤਨਖਾਹ ਦਾ ਵੀ ਪਤਾ ਨਹੀਂ ਸੀ ਲੱਗਾ।

ਤਨਖਾਹ ਮਿਲਣ ਵਾਲੇ ਦਿਨ ਬੇਬੇ ਬੂਹੇ 'ਤੇ ਖੜ੍ਹੀ ਉਡੀਕਦੀ ਰਹਿੰਦੀ ਸੀ ਤੇ ਗੁਰਦਿਆਲ ਵੀ ਤਨਖਾਹ ਮਾਂ ਨੂੰ ਫੜਾ ਕੇ ਹੀ ਆਪਣੇ ਕਮਰੇ ਵਿੱਚ ਵੜਦਾ ਸੀ।

ਅੱਜ ਵੀ ਤਨਖਾਹ ਮਿਲਣੀ ਸੀ। ਐਤਕਾਂ ਸ਼ਰਨੀ ਨੇ ਪਹਿਲਾਂ ਹੀ ਆਪਣੇ ਘਰਵਾਲੇ ਨੂੰ ਮਨਾ ਲਿਆ ਹੋਇਆ ਸੀ ਕਿ ਹੁਣ ਤਨਖਾਹ ਮੈਨੂੰ ਦਿਆ ਕਰੋ, ਕਿਉਂ ਜੋ ਬੇਬੇ ਨੇ ਤਾਂ ਸਾਰੀਆਂ ਕੁੜੀਆਂ ਵਿਆਹ ਲਈਆਂ ਹੋਈਆਂ ਹਨ। ਹੁਣ ਤਾਂ ਆਪਣੀ ਜੀਤੀ ਵੀ ਵੱਡੀ ਹੋ ਗਈ ਹੈ, ਨਾਲੇ ਬੱਚਿਆਂ ਦੀ ਟਿਊਸ਼ਨ ਫੀਸ ਵੀ ਮੈਨੂੰ ਬੇਬੇ ਤੋਂ ਮੰਗ ਕੇ ਲੈਣੀ ਪੈਂਦੀ ਹੈ। ਕਈ ਵਾਰ ਤਾਂ ਬੇਬੇ ਕੋਲ ਟੁੱਟੇ ਪੈਸੇ ਵੀ ਨਹੀਂ ਹੁੰਦੇ ਤੇ ਜੁਆਕ ਰੋ-ਰੋ ਕੇ ਸਕੂਲ ਜਾਂਦੇ ਹਨ। ਉਹਨਾਂ ਦੀ ਭੈਣ ਜੀ ਕਲਾਸ ਵਿੱਚ ਉਨ੍ਹਾਂ ਨੂੰ ਖੜ੍ਹਾ ਕਰ ਦਿੰਦੀ ਹੈ ਅਤੇ ਕਈ ਵਾਰੀ ਘਰ ਹੀ ਭੇਜ ਦਿੰਦੀ ਹੈ। ਗੁਰਦਿਆਲ ਸਿੰਘ ਨੇ ਹਾਂ ਵਿੱਚ ਸਿਰ ਹਿਲਾ ਤਾਂ ਦਿੱਤਾ, ਪਰ ਬੇਬੇ ਨੂੰ ਛੱਡ ਕੇ ਘਰਵਾਲੀ ਨੂੰ ਤਨਖਾਹ ਦੇਣੀ ਉਸ ਲਈ ਇਕ ਵੱਡੀ ਖਾਈ ਪਾਰ ਕਰਨ ਵਰਗੀ ਮੁਹਿੰਮ ਸੀ।

ਉਹੀ ਗੱਲ ਹੋਈ। ਬੇਬੇ ਪਹਿਲਾਂ ਵਾਂਗ ਅੱਜ ਵੀ ਬੂਹੇ 'ਤੇ ਖੜੀ ਸੀ। "ਬੇਬੇ ਹੁਣ ਮੈਂ ਤਨਖਾਹ ਸ਼ਰਨੀ ਨੂੰ ਦਿਆਂ ਕਰਾਂਗਾ।"

"ਨਾ ਪੁੱਤ, ਬਿਗਾਨੀਆਂ ਧੀਆਂ ਕਦੋਂ ਘਰ ਬਣਾਂਦੀਆਂ ਹਨ। ਇਹ ਤਾਂ ਉਜਾੜਾ ਪਾਂਦੀਆਂ ਹਨ ਪੈਸੇ ਦਾ। ਇਹ ਤਾਂ ਮੈਂ ਹੀ ਸਾਂ ਜਿਸ ਨੇ ਸਾਰੇ ਪੈਸੇ ਹੁਣ ਤੱਕ ਸੰਭਾਲ ਕੇ ਰੱਖੇ।" ਇਹ ਕਹਿੰਦੇ ਹੋਏ ਬੇਬੇ ਨੇ ਅੱਜ ਵੀ ਤਨਖਾਹ ਫੜ ਲਈ।

ਸ਼ਰਨੀ ਵੀ ਬੂਹੇ ਪਿੱਛੇ ਖੜ੍ਹੀ ਸਭ ਕੁੱਝ ਦੇਖ-ਸੁਣ ਰਹੀ ਸੀ। 'ਬਿਗਾਨੀ ਧੀ' ਸੁਣ ਉਸ ਦਾ ਕਾਲਜਾ ਫਟ ਗਿਆ। ਉਹਨੇ ਬੂਹੇ ਪਿੱਛੋਂ ਨਿਕਲ ਬੇਬੇ ਹੱਥੋਂ ਪੈਸੇ ਖੋਹੰਦਿਆਂ ਕਿਹਾ, "ਬੇਬੇ ਤੂੰ ਵੀ ਤਾਂ ਇਸ ਘਰ ਵਿਆਹੀ ਆਈ ਹੋਣ ਕਰਕੇ ਬਿਗਾਨੀ ਧੀ ਹੀ ਹੋਈਓਂ।" ਤੇ ਆਪਣੇ ਪਤੀ ਵੱਲ ਜੇਤੂ ਨਜ਼ਰਾਂ ਨਾਲ ਵੇਖ ਅੰਦਰ ਚਲੀ ਗਈ। ਬਾਰਾਂ ਸਾਲ ਵਿਆਹ ਨੂੰ ਹੋ ਗਏ ਹਨ ਹਾਲੇ ਵੀ ਮੈਂ 'ਬਿਗਾਨੀ ਧੀ'। ਪੇਕੇ, ਜਿਸ ਘਰ ਜਨਮ ਲਿਆ ਸੀ, ਉੱਥੇ ਵੀ ਬਿਗਾਨੀ ਸਾਂ 'ਧੀਆਂ ਤਾਂ ਹੁੰਦੀਆਂ ਹੀ ਬਿਗਾਨੀ ਅਮਾਨਤ ਹਨ', ਇਹ ਬੋਲ ਉਸ ਨੇ ਮਾਂ, ਮਾਸੀ ਅਤੇ ਭੂਆ ਤੋਂ ਕਈ ਵਾਰ ਸੁਣੇ ਸਨ।

'ਫਿਰ ਮੈਂ ਆਪਣੀ ਕਿਸ ਦੀ ਹੋਈ' ਇਹ ਸੋਚ ਕੇ ਉਸ ਦਾ ਗੱਚ ਭਰ ਗਿਆ ਤੇ ਉਹ ਪਿਛਲੇ ਸਟੋਰ ਅੰਦਰ ਵੜ ਕੇ ਭੁੱਬਾਂ ਮਾਰ ਕੇ ਰੋ ਪਈ।

- ਬਲਵੰਤ ਕੌਰ ਚਾਂਦ

ਚੁੱਪ

ਉਹ ਦਸਾਂ ਕੁ ਵਰ੍ਹਿਆਂ ਦੀ ਬੱਚੀ ਹਰ ਰੋਜ਼ ਸ਼ਾਮ ਨੂੰ ਆਪਣੀ ਮਾਂ ਦੀ ਉਂਗਲ ਫੜੀ ਪਾਰਕ ਵਿਚ ਆਉਂਦੀ। ਉਹ ਫੁੱਲਾਂ ਨਾਲ ਖੇਡਦੀ ਤੇ ਤਿਤਲੀਆਂ ਨੂੰ ਫੜਨ ਲਈ ਉਹਨਾਂ ਪਿੱਛੇ ਭੱਜਦੀ। ਉੱਡਦੇ ਪੰਛੀਆਂ ਵੱਲ ਟਿਕਟਿਕੀ ਲਾ ਕੇ ਦੇਖਦੀ ਉਹ ਕੁਝ ਅਲੱਗ ਹੀ ਦਿਖਾਈ ਦਿੰਦੀ। ਬਾਕੀ ਬੱਚਿਆਂ ਨੂੰ ਖੇਡਦਿਆਂ ਦੇਖ ਕੇ ਉਹਨਾਂ ਵੱਲ ਨਹੀਂ ਸੀ ਜਾਂਦੀ। ਨਾ ਹੀ ਮੈਂ ਕਦੀ ਉਸ ਨੂੰ ਆਪਣੀ ਮਾਂ ਅੱਗੇ ਕਿਸੇ ਗੱਲ ਦੀ ਜ਼ਿੱਦ ਕਰਦਿਆਂ ਦੇਖਿਆ।

ਮੈਂ ਉਸ ਵੱਲ ਦੇਖ ਕੇ ਮੁਸਕੁਰਾਉਂਦਾ ਤਾਂ ਉਹ ਝੱਟ ਆਪਣਾ ਮੂੰਹ ਦੂਜੇ ਪਾਸੇ ਕਰ ਲੈਂਦੀ। ਜੇ ਉਸ ਦੀ ਮਾਂ ਆਪਣੀ ਕਿਸੇ ਜਾਣੂ ਔਰਤ ਕੋਲ ਖੜ ਜਾਂਦੀ, ਉਹ ਤਾਂ ਵੀ ਉਸ ਨੂੰ ਨਾ ਬੁਲਾਉਂਦੀ। ਮੈਂ ਉਸ ਨੂੰ ਇੱਕ ਘਮੰਡੀ ਕੁੜੀ ਸਮਝਣ ਲੱਗ ਪਿਆ।

ਇਕ ਦਿਨ ਉਹ ਤਿਤਲੀਆਂ ਪਿੱਛੇ ਭੱਜ ਰਹੀ ਸੀ ਤੇ ਉਸ ਦੀ ਮਾਂ ਮੇਰੇ ਨਾਲ ਵਾਲੇ ਬੈਂਚ 'ਤੇ ਆ ਕੇ ਬੈਠ ਗਈ। ਮੈਂ ਉਸ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਬੱਚੀ ਬਾਰੇ ਸਰਸਰੀ ਜਿਹੀ ਗੱਲ ਕੀਤੀ ਤਾਂ ਉਸ ਦੀ ਮਾਂ ਨੇ ਕਿਹਾ, "ਵੀਰ ਜੀ, ਇਹ ਦੇਖਣ ਨੂੰ ਤਾਂ ਆਮ ਬੱਚਿਆਂ ਜਿਹੀ ਹੀ ਜਾਪਦੀ ਹੈ, ਪਰ ਰੱਬ ਨੇ ਜਨਮ ਤੋਂ ਹੀ ਇਸ ਨੂੰ ਆਵਾਜ਼ ਨਹੀਂ ਦਿੱਤੀ। ਜਦ ਸਾਰੇ ਗੱਲਾਂ ਕਰਦੇ ਨੇ ਤਾਂ ਇਹ ਆਪਣੇ-ਆਪ ਨੂੰ ਇਕੱਲੀ ਸਮਝਣ ਲੱਗ ਪੈਂਦੀ ਹੈ। ਇਹ ਸੋਚਦੀ ਵੀ ਹੱਦੋਂ ਵੱਧ ਹੈ। ਕੋਈ ਬੱਚਾ ਇਸ ਨੂੰ ਆਪਣੇ ਨਾਲ ਨਹੀਂ ਖਿਡਾਉਂਦਾ। ਇੱਥੇ ਆ ਕੇ ਕੁਝ ਸਮਾਂ ਇਹ ਆਪਣੇ ਆਪ ਨਾਲ ਇੱਕਮਿੱਕ ਹੋ ਜਾਂਦੀ ਹੈ।"

ਉਸ ਦੀ ਮਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਆਪਣੀ ਸੋਚ 'ਤੇ ਪਛਤਾਵਾ ਹੋ ਰਿਹਾ ਸੀ ਤੇ ਮੇਰੇ ਧੁਰ ਅੰਦਰ ਤੱਕ ਚੁੱਪ ਪੱਸਰ ਗਈ। ਬੱਚੀ ਸਭ ਕੁਝ ਤੋਂ ਬੇਖ਼ਬਰ ਅਜੇ ਵੀ ਤਿਤਲੀਆਂ ਪਿੱਛੇ ਭੱਜ ਰਹੀ ਸੀ।

- ਮਨਜੀਤ ਸਿੱਧੂ ਰਤਨਗੜ੍ਹ

ਹੱਕ ਦੀ ਲੜਾਈ

ਸਿਮਰ... ਸਿਮਰ... ਗੇਟ ਤੋਂ ਆਵਾਜ਼ ਦਿੰਦਾ ਹੋਇਆ ਕੁਲਦੀਪ ਸਿੰਘ ਹੱਥ ਵਿਚ ਝੰਡਾ ਚੁੱਕੀ ਘਰੇ ਆ ਵੜਿਆ।

"ਹਾਂ ਜੀ ਆਈ..." ਕੋਠੇ ਤੋਂ ਸੁੱਕੇ ਕੱਪੜੇ ਲਾਹੁੰਦੀ ਸਿਮਰ ਦੌੜਦੀ ਹੋਈ ਥੱਲੇ ਉੱਤਰੀ।

"ਚੱਲ ਜਲਦੀ ਕਰ, ਆਪਾਂ ਥੋੜ੍ਹੀ ਦੇਰ 'ਚ ਨਿਕਲਣਾ... " ਇਧਰੋਂ-ਉਧਰੋਂ ਸਾਮਾਨ ਚੁੱਕਦਾ ਕੁਲਦੀਪ ਬੋਲਿਆ।

"ਤਾਂ ਫਿਰ ਹੋ ਗਈ ਤਿਆਰੀ !" ਇੱਕ ਪਾਸੇ ਕੱਪੜਿਆਂ ਦਾ ਢੇਰ ਰੱਖਦੀ ਹੋਈ ਸਿਮਰ ਬੋਲੀ।

"ਹਾਂ ਹੋ ਗਈ, ਤੂੰ ਐਦਾਂ ਕਰ... ਪੰਜ-ਛੇ ਜੋੜੀ ਆਪਣੇ ਤੇ ਮੇਰੇ ਕੱਪੜੇ ਇੱਕ ਬੈਗ ਵਿੱਚ ਪਾ ਲੈ, ਸੰਘਰਸ਼ ਲੰਮਾ ਹੋ ਸਕਦਾ, ਪਤਾ ਨਹੀਂ ਕਿੰਨੇ ਕੁ ਦਿਨ ਲੱਗ ਜਾਣੇ।"

"ਮੇਰਾ ਦਿਲ ਘਟੀ ਜਾਂਦਾ, ਕੀ ਹੋਊਗਾ।" ਬੈਗ ਵਿੱਚ ਕੱਪੜੇ ਪਾਉਂਦੀ ਹੋਈ ਸਿਮਰ ਦੀਆਂ ਅੱਖਾਂ 'ਚ ਹੰਝੂ ਆ ਗਏ।

"ਤੂੰ ਕਾਹਤੋਂ ਡਰੀ ਜਾ ਰਹੀ, ਆਪਣੇ ਪਿੰਡ ਤੋਂ ਵੀ ਟਰਾਲੀਆਂ ਜਾ ਰਹੀਆਂ, ਜੀਤਾ, ਮੋਹਨਾ, ਛਿੰਦਾ ਸਾਰੇ ਤਾਂ ਆਪਣੇ ਨਾਲ ਆ, ਤੂੰ ਦੇਖੀਂ ਅਸੀਂ ਸਰਕਾਰ ਦੀ ਇੱਟ ਨਾਲ ਇੱਟ ਖੜਕਾ ਦੇਣੀ ਆ!" ਗੁੱਸੇ ਵਿੱਚ ਫੁੰਕਾਰਦਾ ਹੋਇਆ ਉਹ ਬੋਲਿਆ।

"ਸਰਕਾਰ ਨੇ ਕਿਸਾਨਾਂ ਵਿਰੁੱਧ ਕਾਨੂੰਨ ਬਣਾ ਕੇ ਚੰਗਾ ਵੀ ਤਾਂ ਨਹੀਂ ਕੀਤਾ।" ਕੱਪੜਿਆਂ ਵਾਲਾ ਬੈਗ ਕੁਲਦੀਪ ਨੂੰ ਫੜਾਉਂਦੀ ਹੋਈ ਸਿਮਰ ਬੋਲੀ।

"ਹੋਰ ਕੀ, ਜੇ ਅੱਜ ਵੀ ਅਸੀਂ ਚੁੱਪ ਰਹਿ ਗਏ, ਫਾਇਦਾ ਤਾਂ ਵੱਡੀਆਂ ਕੰਪਨੀਆਂ ਨੇ ਚੱਕ ਲੈਣਾ।" ਕੁਲਦੀਪ ਬੈਗ ਮੋਢੇ 'ਤੇ ਪਾਉਂਦਾ ਗੁੱਸੇ ਵਿੱਚ ਬੋਲਿਆ।

"ਪਰ ਪਿੱਛੋਂ ਬੇਬੇ ਦਾ ਧਿਆਨ ਕੌਣ ਰੱਖੂ...ਇਕੱਲੀ ਰਹਿ ਜਾਣਾ ਉਸ ਨੇ!" ਸਿਮਰ ਨੇ ਕਿਹਾ।

"ਐਵੇਂ ਘਬਰਾ ਨਾ... ਬੇਬੇ ਦਾ ਵੀ ਜੁਗਾੜ ਹੋ ਗਿਆ ਆ !" ਉਹਦੇ ਮੋਢੇ 'ਤੇ ਹੱਥ ਰੱਖਦਿਆਂ ਕੁਲਦੀਪ ਬੋਲਿਆ।

"ਅਸੀਂ ਮਾਵਾਂ ਨੂੰ ਇੱਕ ਘਰ ਵਿੱਚ ਕਰ ਦੇਣਾ ਤਾਂ ਜੋ ਉਹ ਇਕ-ਦੂਜੇ ਦੇ ਨਾਲ ਰਹਿਣ ਤੇ ਇੱਕ-ਦੂਜੇ ਦਾ ਖਿਆਲ ਵੀ ਰੱਖਣ... ਪਰ ਬੇਬੇ ਹੈ ਕਿੱਥੇ?"

ਅੱਖਾਂ ਪੂੰਝਦੀ ਸਿਮਰ ਬੋਲੀ, "ਆਪਣੇ ਕਮਰੇ ਵਿੱਚ ਹੀ ਹੋਣਗੇ।"

"ਬੇਬੇ... ਬੇਬੇ!" ਆਵਾਜ਼ਾਂ ਮਾਰਦੇ ਕੁਲਦੀਪ ਨੇ ਸਾਰਾ ਘਰ ਛਾਣ ਮਾਰਿਆ।

ਇੰਨੇ ਨੂੰ ਬਾਹਰੋਂ ਆਉਂਦੀਆਂ ਆਵਾਜ਼ਾਂ ਸੁਣ ਕੇ ਉਨ੍ਹਾਂ ਦੇਖਿਆ ਕਿ ਬੇਬੇ ਆਪਣੇ ਨਾਲ ਪਿੰਡ ਦੀਆਂ ਬੀਬੀਆਂ ਨੂੰ ਇਕੱਠਿਆਂ ਕਰੀ ਘਰ ਵੱਲ ਤੁਰੀ ਆਉਂਦੀ ਸੀ।

"ਬੇਬੇ! ਆਹ ਕੀ? ਤੂੰ ਕਿੱਥੇ....?" ਹੈਰਾਨੀ ਨਾਲ ਉਨ੍ਹਾਂ ਨੂੰ ਦੇਖਦਿਆਂ ਕੁਲਦੀਪ ਬੋਲਿਆ।

ਉਸ ਦੀ ਗੱਲ ਵਿੱਚੋਂ ਹੀ ਟੋਕਦੀ ਹੋਈ ਬੇਬੇ ਬੋਲ ਪਈ, "ਪੁੱਤਰਾ, ਜਦ ਛੋਟੀ ਉਮਰੇ ਤੇਰਾ ਪਿਉ ਛੱਡ ਕੇ ਤੁਰ ਗਿਆ ਸੀ ਤਾਂ ਸਾਰਾ ਟੱਬਰ ਤੇ ਖੇਤ ਮੈਂ ਕੱਲੀ ਨੇ ਸਾਂਭੇ ਸੀ, ਮੈਂ ਤਦ ਹਾਰ ਨਹੀਂ ਸੀ ਮੰਨੀ ਤੇ ਹੁਣ ਤਾਂ ਸਾਡੀ ਪੂਰੀ ਕੌਮ 'ਤੇ ਬਣੀ ਪਈ ਐ। ਤੂੰ ਕੀ ਸੋਚਦਾ, ਮੈਂ ਤੁਹਾਨੂੰ 'ਕੱਲਿਆਂ ਨੂੰ ਜਾਣ ਦੇਊਂ?"

"ਪਰ ਬੇਬੇ ਤੇਰੀ ਸਿਹਤ ਵੀ ਤਾਂ ਚੰਗੀ ਨਈਂ।" ਫ਼ਿਕਰ ਕਰਦਾ ਉਹ ਬੋਲਿਆ।

"ਤੈਨੂੰ ਆਪਣੀ ਮਾਂ ਦੀ ਫ਼ਿਕਰ ਆ, ਪਰ ਅਸੀਂ ਆਪਣੀ ਧਰਤੀ ਮਾਂ ਨੂੰ ਵੀ ਜਵਾਬ ਦੇਣਾ, ਜਿਸ ਨੇ ਅੱਜ ਤੱਕ ਸਾਨੂੰ ਸੰਭਾਲੀ ਰੱਖਿਆ। ਆਹ ਦੇਖ! ਸਾਰੇ ਪਿੰਡ ਦੀਆਂ ਮਾਵਾਂ ਜਦ ਜਾ ਕੇ ਨਾਲ ਖੜ੍ਹ ਗਈਆਂ ਤਾਂ ਸਰਕਾਰ ਨੂੰ ਵੀ ਝੁਕਣਾ ਪਊ।"

ਨੌਜੁਆਨਾਂ ਨਾਲੋਂ ਵੱਧ ਜੋਸ਼ ਉਨ੍ਹਾਂ 'ਚ ਝਲਕ ਰਿਹਾ ਸੀ, ਜੋ ਬੇਬੇ ਦੀ ਹਾਂ 'ਚ ਹਾਂ ਮਿਲਾ ਰਹੀਆਂ ਸਨ। ਉਨ੍ਹਾਂ ਨੂੰ ਦੇਖ ਕੇ ਉਸ ਦਾ ਜੋਸ਼ ਹੋਰ ਵੀ ਠਾਠਾਂ ਮਾਰਨ ਲੱਗ ਪਿਆ। ਝੰਡੇ ਨੂੰ ਹਵਾ ਵਿੱਚ ਲਹਿਰਾਉਂਦਾ ਹੋਇਆ ਉਹ ਉੱਚੀ ਆਵਾਜ਼ ਵਿੱਚ ਬੋਲਿਆ, "ਚੱਲੋ ਫਿਰ, ਚੱਕ ਦਿਓ ਫੱਟੇ।" ਸਭ ਦੀਆਂ ਅੱਖਾਂ ਮੂਹਰੇ ਹਰੇ-ਭਰੇ ਖੇਤ ਲਹਿ-ਲਹਾ ਉੱਠੇ।

- ਸੀਮਾ ਵਰਮਾ

ਬੋਹਣੀ

ਗਰਮੀ ਪੂਰੇ ਜ਼ੋਰਾਂ 'ਤੇ ਸੀ। ਪਿੰਡ ਨੂੰ ਜਾਂਦੀ ਸੜਕ 'ਤੇ ਇਕੱਲੀ ਉਹ ਹੀ ਸਾਇਕਲਾਂ ਦੀ ਮੁਰੰਮਤ ਵਾਲੀ ਦੁਕਾਨ ਸੀ। ਪ੍ਰਛਾਵੇਂ ਢਲਣ 'ਤੇ ਆ ਗਏ ਸਨ, ਪਰ ਉਸ ਨੇ ਅਜੇ ਬੋਹਣੀ ਤੱਕ ਨਹੀਂ ਸੀ ਕੀਤੀ। ਕਦੇ ਉਹ ਬਕਸੇ 'ਚ ਸਾਮਾਨ ਵੱਲ ਵੇਖਦਾ ਤੇ ਕਦੇ ਸੜਕ ਵੱਲ। ਉਸ ਨੂੰ ਗਾਹਕ ਦੇ ਆਉਣ ਦੀ ਕੋਈ ਆਸ ਨਹੀਂ ਸੀ ਬੱਝ ਰਹੀ। ਉਸ ਨੂੰ ਵਾਰ-ਵਾਰ ਬੱਚਿਆਂ ਦਾ ਖਿਆਲ ਆ ਰਿਹਾ ਸੀ, ਜਿਹਨਾਂ ਨੂੰ ਉਸ ਨੇ ਦਿਹਾੜੀ ਕਮਾ ਕੇ ਰਾਤ ਨੂੰ ਖੁਆਉਣਾ

22-Oct-Sunday.qxd 10/21/2023 8:49 PM Page 2

ਇਤਿਹਾਸ ਦੀਆਂ ਪੈੜਾਂ

ਗੁਰਬਚਨ ਸਿੰਘ ਭੁੱਲਰ

ਆਉਣ ਵਾਲੇ ਦਿਨਾਂ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਤਿੰਨ ਦਿਨਾ 'ਮੇਲਾ ਗਦਰੀ ਬਾਬਿਆਂ ਦਾ' ਮਨਾਉਣ ਲਈ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਤੋਂ ਹੁੰਦਾ ਹੋਇਆ ਗਦਰੀਆਂ ਦਾ ਹੈੱਡ ਕੁਆਰਟਰ ਸਾਨ ਫਰਾਂਸਿਸਕੋ ਵਿਖੇ (ਯੁਗਾਂਤਰ ਆਸ਼ਰਮ) ਸਥਾਪਤ ਕੀਤਾ ਗਿਆ, ਜਿਸ ਦੇ ਇਤਿਹਾਸ ਨੂੰ ਫਰੋਲਦਿਆਂ ਅਤੇ ਮੌਜੂਦਾ ਦਸ਼ਾ ਦੀ ਪੈੜ ਨੱਪਦਿਆਂ ਸਰਬਾਂਗੀ ਲੇਖਕ ਗੁਰਬਚਨ ਸਿੰਘ ਭੁੱਲਰ ਹੁਰਾਂ ਨੇ ਇਹ ਖੋਜ-ਪਰਕ ਲੇਖ ਖਾਸ ਕਰਕੇ 'ਨਵਾਂ ਜ਼ਮਾਨਾ' ਲਈ ਲਿਖਿਆ ਹੈ, ਜਿਸ ਲਈ ਅਦਾਰਾ ਉਨ੍ਹਾ ਦਾ ਧੰਨਵਾਦੀ ਹੈ। ਅਸੀਂ ਮੇਲੇ ਦੇ ਪ੍ਰਬੰਧਕਾਂ ਅਤੇ ਮੇਲੀਆਂ ਦੀ ਨਜ਼ਰ ਇਹ ਲੇਖ ਕਰ ਰਹੇ ਹਾਂ। ਅਗਲੇ ਅੰਕ ਵਿੱਚ ਇਸ ਵਿਚਾਰ ਨੂੰ ਅੱਗੇ ਤੋਰਿਆ ਜਾਵੇਗਾ। **—ਸੰਪਾਦਕ**

'ਗਦਰ ਆਸ਼ਰਮ' ਸਾਨ ਫ਼ਰਾਂਸਿਸਕੋ ਦੇ ਸਰਕਾਰੀ ਪ੍ਰਬੰਧ ਦੀ ਮੰਦੀ ਹਾਲਤ



ਅਮਰੀਕਾ 'ਚ 1910 ਵਿੱਚ ਆਰਾ ਮਿੱਲ ਦਾ ਕਾਮਾ ਸੋਹਨ ਸਿੰਘ ਭਕਨਾ

15 ਅਗਸਤ 1947 ਨੂੰ ਦੇਸ ਆਜ਼ਾਦ ਹੋ ਗਿਆ। ਦੇਸ ਨੂੰ ਅੰਗਰੇਜ਼ ਸਾਮਰਾਜੀਆਂ ਤੋਂ ਆਜ਼ਾਦ ਕਰਾਉਣ ਦੇ ਮੁੱਖ ਮੰਤਵ ਨਾਲ ਜਥੇਬੰਦ ਕੀਤੀ ਗਈ ਗ਼ਦਰ ਪਾਰਟੀ ਨੂੰ ਆਪਣੀ ਮੰਜ਼ਲ ਮਿਲ ਗਈ ਲੱਗੀ। ਕੋਈ ਦੋ ਸਾਲ ਮਗਰੋਂ ਗ਼ਦਰ ਪਾਰਟੀ ਦੇ ਦਫ਼ਤਰ 'ਗ਼ਦਰ ਆਸ਼ਰਮ' ਦੇ ਉਸ ਸਮੇਂ ਦੇ ਪ੍ਰਬੰਧਕਾਂ ਨੇ ਚੀਜ਼ਾਂ-ਵਸਤਾਂ ਅਤੇ ਕਾਗ਼ਜ਼-ਪੱਤਰਾਂ ਸਮੇਤ ਇਮਾਰਤ ਭਾਰਤੀ ਦੂਤਾਵਾਸ ਦੇ ਸਾਨ ਫ਼ਰਾਂਸਿਸਕੋ ਵਾਲੇ ਕੌਂਸਲਖਾਨੇ ਦੇ ਹਵਾਲੇ ਕਰ ਦਿੱਤੀ। 1952 ਵਿਚ ਗ਼ਦਰ ਆਸ਼ਰਮ ਕਾਨੂੰਨੀ ਪੱਖੋਂ ਕੌਂਸਲਖਾਨੇ ਦੇ ਨਾਂ ਤਬਦੀਲ ਹੋ ਗਿਆ।

ਜਦੋਂ ਗ਼ਦਰ ਪਾਰਟੀ ਬਣਾਏ ਜਾਣ ਅਤੇ ਉਹਦਾ ਦਫ਼ਤਰ ਖੋਲ੍ਹੇ ਜਾਣ ਦਾ ਜ਼ਿਕਰ ਹੁੰਦਾ ਹੈ, ਆਮ ਕਰ ਕੇ ਕੈਲੀਫ਼ੋਰਨੀਆ ਦੇ ਨਗਰ ਸਟਾਕਟਨ ਵਿਚ ਜੁਲਾਈ 1913 ਵਿਚ ਹੋਈ ਇਕੱਤਰਤਾ ਦਾ ਹਵਾਲਾ ਦਿੱਤਾ ਜਾਂਦਾ ਹੈ। ਅਸਲ ਵਿਚ ਇਹ ਚੌਥੀ ਇਕੱਤਰਤਾ ਸੀ। ਜਥੇਬੰਦੀ ਕਾਇਮ ਕਰਨ ਦੇ ਨਿਸ਼ਾਨੇ ਵਾਲੀਆਂ ਤਿੰਨ ਇਕੱਤਰਤਾਵਾਂ ਉਸ ਤੋਂ ਪਹਿਲਾਂ ਹੋ ਚੁੱਕੀਆਂ ਸਨ। ਉਹਨਾਂ ਦਾ ਮੁੱਢਲਾ ਉਦੇਸ਼ ਤਾਂ ਭਾਵੇਂ ਘੋਰ ਨਫ਼ਰਤ, ਭੇਦਭਾਵ ਤੇ ਨਸਲੀ ਵਿਤਕਰੇ ਦੇ ਭਰੇ ਹੋਏ ਸਥਾਨਕ ਲੋਕਾਂ ਦੇ ਭਿਆਨਕ ਹਥਿਆਰਬੰਦ ਹਮਲਿਆਂ ਬਾਰੇ ਤੇ ਅਮਰੀਕੀ ਹਕੂਮਤ ਵੱਲੋਂ ਉਹਨਾਂ ਅਪਰਾਧਾਂ ਦੀ ਮੁਕੰਮਲ ਅਣਦੇਖੀ ਬਾਰੇ ਚਰਚਾ ਕਰਨਾ ਅਤੇ ਮੁਕਾਬਲੇ ਲਈ ਜਥੇਬੰਦ ਹੋਣਾ ਸੀ, ਪਰ ਅੰਤ ਨੂੰ ਉਹੋ ਹੀ ਦੇਸ ਦੀ ਆਜ਼ਾਦੀ ਦੇ ਉਦੇਸ਼ ਵਾਲੀ ਸਟਾਕਟਨ ਦੀ ਇਕੱਤਰਤਾ ਦਾ ਆਧਾਰ ਬਣੀਆਂ।

ਹਿੰਦੁਸਤਾਨੀ ਕਾਮਿਆਂ ਦੀ ਜਥੇਬੰਦੀ ਕਾਇਮ ਕਰਨ ਵਾਸਤੇ ਪਹਿਲਾ ਇਕੱਠ 1912 ਵਿਚ ਪੋਰਟਲੈਂਡ ਸ਼ਹਿਰ ਵਿਚ ਸੋਹਣ ਸਿੰਘ ਭਕਨਾ ਦੇ ਉੱਦਮ ਨਾਲ ਹੋਇਆ। ਉਸ ਵਿਚ 'ਹਿੰਦੀ ਐਸੋਸੀਏਸ਼ਨ' ਨਾਂ ਦੀ ਜਥੇਬੰਦੀ ਕਾਇਮ ਕੀਤੀ ਗਈ। ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਰਾਮ ਲਾਲ ਪੁਰੀ ਨੂੰ ਜਨਰਲ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਚੁਣਿਆ ਗਿਆ। ਹਿੰਦੀ ਐਸੋਸੀਏਸ਼ਨ ਨੇ ਪੋਰਟਲੈਂਡ ਵਿਚ ਦਫ਼ਤਰ ਖੋਲ੍ਹ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮਾਰਚ 1913 ਵਿਚ ਲਾਲਾ ਹਰਦਿਆਲ ਉਥੇ ਆਇਆ ਤਾਂ ਉਹਦੀ ਸ਼ਮੂਲੀਅਤ ਨਾਲ ਇਕ ਵਾਰ ਫੇਰ ਇਕੱਠ ਹੋਇਆ, ਜਿਸ ਵਿਚ ਹਿੰਦੀ ਐਸੋਸ਼ੀਏਸ਼ਨ ਦੀ ਸਰਗਰਮੀ ਵਿਚ ਤੇਜ਼ੀ ਲਿਆਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ।

ਦੋ ਮਹੀਨਿਆਂ ਮਗਰੋਂ, ਮਈ 1913 ਵਿਚ ਔਰੇਗਾਨ ਰਾਜ ਦੇ ਨਗਰ ਅਸਟੋਰੀਆ ਦੇ ਫ਼ਿਨਿਸ਼ ਸੋਸ਼ਲਿਸਟ ਹਾਲ ਵਿਚ ਵੱਡੀ ਹਾਜ਼ਰੀ ਵਾਲੀ ਸਭਾ ਹੋਈ। ਇਸ ਵਿਚ ਹਿੰਦੀ ਐਸੋਸੀਏਸ਼ਨ ਵਾਲਿਆਂ ਤੋਂ ਇਲਾਵਾ ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਹੋਰ ਹਿੰਦੀ ਕਾਮੇ ਤੇ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਿੰਦੁਸਤਾਨੀ ਵਿਦਿਆਰਥੀ ਵੀ ਸ਼ਾਮਲ ਹੋਏ। ਇਸ ਸਭਾ ਵਿਚ ਹਿੰਦੀ ਐਸੋਸੀਏਸ਼ਨ ਦਾ ਨਾਂ ਬਦਲ ਕੇ 'ਹਿੰਦੀ ਐਸੋਸੀਏਸ਼ਨ ਆਫ਼ ਦਿ ਪੈਸਿਫ਼ਿਕ ਕੋਸਟ' ਕੀਤਾ ਗਿਆ। ਨਵੀਂ ਜਥੇਬੰਦੀ ਬਣਨ ਨਾਲ ਨਵੀਂ ਕਮੇਟੀ ਚੁਣਨੀ ਜ਼ਰੂਰੀ ਹੋ ਗਈ। ਨਵੀਂ ਕਮੇਟੀ ਵਿਚ ਪਰਧਾਨ ਸੋਹਣ ਸਿੰਘ ਭਕਨਾ ਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਹੀ ਰੱਖੇ ਗਏ, ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਬਣਾਇਆ ਗਿਆ।

ਭਰਪੂਰ ਹਾਜ਼ਰੀ ਵਾਲੀ ਦੂਜੀ ਸਭਾ ਜੁਲਾਈ 1913 ਵਿਚ ਕੈਲੀਫ਼ੋਰਨੀਆ ਰਾਜ ਦੇ ਨਗਰ ਸਟਾਕਟਨ ਦੇ ਗੁਰਦੁਆਰਾ ਸਾਹਿਬ ਵਿਚ ਹੋਈ। ਇਸ ਵਿਚ ਅਹੁਦੇਦਾਰਾਂ ਦੀ ਚੋਣ ਸਮੇਤ ਅਸਟੋਰੀਆ ਵਾਲੇ ਫੈਸਲਿਆਂ ਉੱਤੇ ਮੋਹਰ ਲਾਈ ਗਈ। ਚੰਗੇਰੀ ਰਣਨੀਤੀ ਵਜੋਂ ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ਼ ਦਿ ਪੈਸਿਫ਼ਿਕ ਕੋਸਟ ਦੀ ਥਾਂ 1857 ਦੇ ਗ਼ਦਰ ਦੇ ਹਵਾਲੇ ਨਾਲ ਗ਼ਦਰ ਪਾਰਟੀ ਕਰ ਦਿੱਤਾ ਗਿਆ। ਦਫ਼ਤਰ ਲਈ ਵੀ ਪੋਰਟਲੈਂਡ ਦੀ ਥਾਂ ਸਾਨ ਫ਼ਰਾਂਸਿਸਕੋ ਨੂੰ ਵਧੇਰੇ ਢੁੱਕਵਾਂ ਸਮਝਿਆ ਗਿਆ। ਆਪਣੇ ਵਿਚਾਰਾਂ ਦੇ ਪਰਚਾਰ ਲਈ ਅਤੇ ਵੱਧ ਤੋਂ ਵੱਧ ਆਵਾਸੀਆਂ ਨੂੰ ਪਾਰਟੀ ਨਾਲ ਜੋੜਨ ਲਈ ਅਖ਼ਬਾਰ ਕੱਢਣ ਦੀ ਵੀ ਸਲਾਹ ਬਣੀ।

ਗ਼ਦਰ ਪਾਰਟੀ ਦੇ ਮੁੱਢਲੇ ਦਫ਼ਤਰ ਵਾਸਤੇ ਸਾਨ ਫ਼ਰਾਂਸਿਸਕੋ ਦੇ ਹਿਲ ਸਟਰੀਟ ਦੀ 436 ਨੰਬਰ ਇਮਾਰਤ ਕਿਰਾਏ ਉੱਤੇ ਲੈ ਲਈ ਗਈ। ਉਸ ਦਾ ਨਾਂ ਦੇਸ ਦੀ ਆਜ਼ਾਦੀ ਲਈ ਬੰਗਾਲ ਦੇ ਇਨਕਲਾਬੀਆਂ ਵਲੋਂ 1906 ਵਿਚ ਬਣਾਈ ਗਈ 'ਯੁਗਾਂਤਰ ਪਾਰਟੀ' ਦੇ ਹਵਾਲੇ ਨਾਲ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਉਥੋਂ ਲਾਲਾ ਹਰਦਿਆਲ ਦੇ ਸੰਪਾਦਨ ਅਧੀਨ 'ਯੁਗਾਂਤਰ' ਨਾਂ ਦਾ ਅਖ਼ਬਾਰ ਵੀ ਕੱਢਿਆ ਗਿਆ। ਪਰ ਉਥੇ ਕੰਮਕਾਜੀ ਮਾਹੌਲ, ਖਾਸ ਕਰ ਕੇ ਛਪਾਈ ਦਾ ਪ੍ਰਬੰਧ ਤਸੱਲੀਬਖ਼ਸ਼ ਨਾ ਹੋਣ ਕਾਰਨ ਕੁਛ ਹਫ਼ਤਿਆਂ ਮਗਰੋਂ ਹੀ ਵੇਲੈਂਸ਼ੀਆ ਸਟਰੀਟ ਦੀ 1324 ਨੰਬਰ ਇਮਾਰਤ ਕਿਰਾਏ ਉੱਤੇ ਲੈ ਲਈ ਗਈ। ਉਥੇ ਛਪਾਈ ਦਾ ਠੀਕ ਪ੍ਰਬੰਧ ਹੋ ਸਕਿਆ। ਉਥੋਂ ਹੀ ਪ੍ਰਸਿੱਧ 'ਗ਼ਦਰ' ਅਖ਼ਬਾਰ ਕੱਢਿਆ ਗਿਆ। ਅਨੇਕ ਦੇਸਾਂ ਦੇ ਹਿੰਦੁਸਤਾਨੀ ਪਰਵਾਸੀਆਂ ਨੂੰ ਇਕੋ ਲੜੀ ਵਿਚ ਪਰੋਣ ਦੇ ਅਸੰਭਵ ਵਰਗੇ ਮੁਸ਼ਕਲ ਕੰਮ ਵਿਚ ਸਫਲ ਹੋਣ ਸਮੇਤ ਗ਼ਦਰ ਪਾਰਟੀ ਦੇ ਸਾਰੇ ਉਜਾਗਰ ਤੇ ਗੁਪਤ ਜਥੇਬੰਦਕ ਅਤੇ ਇਤਿਹਾਸ-ਸਿਰਜਕ ਇਨਕਲਾਬੀ ਕਾਰਜ ਉਥੋਂ ਹੀ ਹੋਏ।

ਹਥਿਆਰਬੰਦ ਇਨਕਲਾਬ ਲਿਆਉਣ ਦੇ ਨਿਸ਼ਾਨੇ ਨਾਲ ਦੇਸ ਵੱਲ ਚਾਲੇ ਵੀ ਉਥੋਂ ਹੀ ਪਾਏ ਗਏ। ਘਰ ਦੇ ਭੇਤੀ ਵੱਲੋਂ ਇਸ ਵਿਉਂਤ ਦੇ ਪਿੱਠ ਵਿਚ ਛੁਰਾ ਮਾਰੇ ਜਾਣ ਕਾਰਨ ਗ਼ਦਰ ਪਾਰਟੀ ਨੂੰ ਭਾਰੀ ਨੁਕਸਾਨ ਹੋਇਆ। ਵੱਡੀ ਗਿਣਤੀ ਵਿਚ ਹੋਈਆਂ ਗ੍ਰਿਫ਼ਤਾਰੀਆਂ ਅੰਤ ਨੂੰ ਫ਼ਾਂਸੀਆਂ, ਕਾਲੇ ਪਾਣੀਆਂ ਤੇ ਲੰਮੀਆਂ ਕੈਦਾਂ ਤੱਕ ਲੈ ਗਈਆਂ। ਇਸ ਭਾਰੀ ਸੱਟ ਮਗਰੋਂ ਜਦੋਂ ਗ਼ਦਰ ਪਾਰਟੀ ਨੂੰ ਦੁਬਾਰਾ ਪੈਰਾਂ ਉੱਤੇ ਖੜ੍ਹੀ ਕਰ ਕੇ ਸਰਗਰਮ ਕੀਤਾ ਗਿਆ, ਦਫ਼ਤਰ ਵਾਸਤੇ ਕਿਰਾਏ ਦੀ ਇਮਾਰਤ ਦੀ ਥਾਂ ਆਪਣੀ ਮਾਲਕੀ ਵਾਲੀ ਇਮਾਰਤ ਦੀ ਲੋੜ ਮਹਿਸੂਸ ਹੋਈ। ਆਖ਼ਰ 1917 ਵਿਚ 5, ਵੁੱਡ ਸਟਰੀਟ ਦੀ ਤਿੰਨ-ਮੰਜ਼ਲੀ ਇਮਾਰਤ ਖ਼ਰੀਦ ਲਈ ਗਈ। ਇਸ ਥਾਂ ਨੂੰ 'ਗ਼ਦਰ ਆਸ਼ਰਮ' ਕਿਹਾ ਗਿਆ। ਨਿੱਜੀ ਮਕਾਨਾਂ ਲਈ ਸਮੇਂ ਨਾਲ ਹੱਥ-ਬਦਲੀਆਂ ਤੇ ਮੁੜ-ਉਸਾਰੀਆਂ ਸਾਧਾਰਨ ਵਰਤਾਰਾ ਹੁੰਦੀਆਂ ਹਨ। ਇਸ ਵਰਤਾਰੇ ਵਿਚੋਂ ਲੰਘਦਿਆਂ ਪਹਿਲਾਂ ਵਾਲੇ ਕਿਰਾਏ ਦੇ ਦੋਵਾਂ ਦਫ਼ਤਰਾਂ ਦਾ ਨਾਂ-ਨਿਸ਼ਾਨ, ਉਹਨਾਂ ਦੇ ਗ਼ਦਰ ਪਾਰਟੀ ਨਾਲ ਸੰਬੰਧਾਂ ਦੇ ਇਤਿਹਾਸ ਸਮੇਤ, ਸਮੇਂ ਦੀ ਧੁੰਦ ਵਿਚ ਪੂਰੀ ਤਰ੍ਹਾਂ ਗੁੰਮ-ਗੁਆਚ ਗਿਆ। 1917 ਤੋਂ ਲੈ ਕੇ ਆਜ਼ਾਦੀ ਮਿਲਣ ਤੱਕ ਗ਼ਦਰ ਪਾਰਟੀ ਦੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ ਗ਼ਦਰ ਆਸ਼ਰਮ ਹੀ ਰਿਹਾ। ਨਤੀਜੇ ਵਜੋਂ ਗ਼ਦਰ ਆਸ਼ਰਮ ਹੀ ਗ਼ਦਰ ਪਾਰਟੀ ਦੇ ਸਮੁੱਚੇ ਵਿਰਸੇ ਦਾ, ਗ਼ਦਰੀ ਬਾਬਿਆਂ ਲਈ ਲੋਕਾਂ ਦੇ ਸਨੇਹ-ਸਤਿਕਾਰ ਦਾ ਅਤੇ ਮਹਾਨ ਕੁਰਬਾਨੀਆਂ ਦੇ ਭਰੇ ਹੋਏ ਇਤਿਹਾਸ ਦਾ ਚਿੰਨ੍ਹ ਅਤੇ ਸਾਕਾਰ ਰੂਪ ਬਣ ਗਿਆ।

ਆਮ ਪ੍ਰਭਾਵ ਅਨੁਸਾਰ ਗ਼ਦਰ ਆਸ਼ਰਮ ਦਰਸ਼ਨ ਦੀ ਇੱਛਾ ਨਾਲ ਆਏ ਲੋਕਾਂ ਨੂੰ ਜੀ-ਆਇਆਂ ਆਖਦਾ ਹੋਇਆ ਗ਼ਦਰ ਪਾਰਟੀ ਤੇ ਗ਼ਦਰੀ ਬਾਬਿਆਂ ਦੀਆਂ ਨਿਸ਼ਾਨੀਆਂ ਤੇ ਯਾਦਾਂ ਨਾਲ ਜੀਵਨ-ਧੜਕਦਾ ਸਥਾਨ ਹੈ। ਪਰ ਇਸ ਪ੍ਰਭਾਵ ਦਾ ਅਸਲੀਅਤ ਨਾਲ ਕੋਈ ਵਾਸਤਾ ਨਹੀਂ। ਇਹ ਕਲਪਨਾ ਉਹਨਾਂ ਲੋਕਾਂ ਦੀ ਹੈ, ਜਿਨ੍ਹਾਂ ਦਾ ਕਦੀ ਉਥੇ ਜਾਣ ਦਾ ਸਬੱਬ ਨਹੀਂ ਬਣਿਆ। ਅਸਲੀਅਤ ਇਹ ਹੈ ਕਿ ਭਾਰਤੀ ਕੌਂਸਲਖਾਨੇ ਦੀ ਅਫ਼ਸਰਸ਼ਾਹੀ ਨੇ ਇਹਨੂੰ ਸ਼ੁਰੂ ਤੋਂ ਹੀ ਆਪਣੀ ਮਾਲਕੀ ਵਾਲੀ 'ਇਕ ਹੋਰ ਇਮਾਰਤ' ਸਮਝਿਆ ਹੈ ਅਤੇ ਉਹ ਇਸ ਦੇ ਮਹੱਤਵ ਨੂੰ ਜਾਂ ਤਾਂ ਜਾਣਦੇ ਨਹੀਂ ਜਾਂ ਜਾਣਦਿਆਂ ਹੋਇਆਂ, ਸਰੋਂ ਜਾਣ-ਬੁੱਝ ਕੇ ਅਣਡਿੱਠ ਕਰਦੇ ਹਨ।

ਸਾਨੂੰ ਗ਼ਦਰ ਆਸ਼ਰਮ ਦੀ ਤੇ ਉਹਦੇ ਪ੍ਰਬੰਧ ਦੀ ਹਾਲਤ ਅੱਖੀਂ ਦੇਖਣ ਦਾ ਮੌਕਾ ਉਸ ਸਮੇਂ ਮਿਲਿਆ ਜਦੋਂ 2006 ਵਿਚ ਮੈਂ ਤੇ ਮੇਰੀ ਸਾਥਣ ਅਮਰੀਕਾ ਗਏ। ਗ਼ਦਰੀਆਂ ਦੇ ਪਾਵਨ ਸਥਾਨ ਦਾ ਦਰਸ਼ਨ ਸਾਡੇ ਪਹਿਲੇ ਰੁਝੇਵਿਆਂ ਵਿਚ ਸ਼ਾਮਲ ਸੀ। ਸਾਡੇ ਲਈ ਇਹ ਵੱਡੀ ਹੈਰਾਨੀ ਦੀ ਗੱਲ ਸੀ ਕਿ ਕਈ ਪੰਜਾਬੀਆਂ ਨਾਲ ਗੱਲ ਹੋਈ ਤਾਂ ਉਹਨਾਂ ਨੂੰ ਆਸ਼ਰਮ ਦੇ "ਐਥੇ ਸਾਨ ਫ਼ਰਾਂਸਿਸਕੋ ਵਿਚ ਹੀ ਕਿਤੇ" ਹੋਣ ਦਾ ਤਾਂ ਪਤਾ ਸੀ ਪਰ ਉਹ ਕਦੀ ਗਏ ਨਹੀਂ ਸਨ। ਕਈਆਂ ਨੂੰ ਇਹ ਜਾਣਕਾਰੀ ਵੀ ਨਹੀਂ ਸੀ। ਅਸਲ ਵਿਚ ਬਹੁਤੇ ਪਰਵਾਸੀ ਪੰਜਾਬੀਆਂ ਨੂੰ ਆਪਣੇ ਰੋਜ਼ਾਨਾ ਕੰਮ-ਧੰਦੇ ਤੋਂ ਇਲਾਵਾ ਆਲੇ-ਦੁਆਲੇ ਵਿਚ ਕੋਈ ਦਿਲਚਸਪੀ ਨਜ਼ਰ ਨਹੀਂ ਆਉਂਦੀ। ਬਹੁਤੇ ਲੇਖਕ ਵੀ ਆਪਣੀਆਂ ਮਾਸਕ ਸਾਹਿਤਕ ਬੈਠਕਾਂ ਕਰ ਕੇ ਸਭਿਆਚਾਰਕ ਪੱਖੋਂ ਸੰਤੁਸ਼ਟ ਹ�و ਜਾਂਦੇ ਹਨ।

ਮੈਂ ਪਰਵਾਸੀ ਮਿੱਤਰ ਕਵੀ-ਗਾਇਕ ਪਸ਼ੌਰਾ ਸਿੰਘ ਢਿੱਲੋਂ ਨਾਲ ਗੱਲ ਕੀਤੀ ਤਾਂ ਸਾਡਾ ਇਕੱਠਿਆਂ ਜਾਣਾ ਤੈਅ ਹੋ ਗਿਆ। ਉਹ ਬਾਬਾ ਭਕਨਾ ਦੇ ਰਿਸ਼ਤੇਦਾਰ ਹਨ। ਬੇਬੇ ਬਿਸ਼ਨ ਕੌਰ ਉਹਨਾਂ ਦੇ ਦਾਦਾ ਜੀ ਦੀ ਭੈਣ ਸੀ। ਮੈਂ ਦੱਸਿਆ, ਇਕ-ਦੋ ਮਿੱਤਰਾਂ ਦਾ ਕਹਿਣਾ ਹੈ ਕਿ ਗ਼ਦਰ ਆਸ਼ਰਮ ਦੇਖਣ ਲਈ ਪਹਿਲਾਂ ਫੋਨ-ਫਾਨ ਕਰਨਾ ਪੈਂਦਾ ਹੈ। ਉਹ ਬੋਲੇ, ਚੱਲੀਏ ਤਾਂ ਸਹੀ, ਉਥੇ ਕੋਈ ਆਦਮੀ ਤਾਂ ਹੋਵੇਗਾ ਹੀ, ਗੱਲ ਕਰ ਲਵਾਂਗੇ; ਜੇ ਕੋਈ ਫੋਨ ਕਰਨਾ ਪਿਆ, ਉਥੋਂ ਹੀ ਕਰ ਲਵਾਂਗੇ। ਸਾਨ ਫ਼ਰਾਂਸਿਸਕੋ ਦੇ ਭਾਰਤੀ ਕੌਂਸਲਖਾਨੇ ਦਾ ਫੋਨ ਨੰਬਰ ਉਹਨਾਂ ਕੋਲ ਹੈ ਸੀ। ਉਹਨਾਂ ਦੀ ਸਾਥਣ ਇੰਦਰਬੀਰ, ਜੋ ਮੇਰੇ ਲੇਖਕ ਮਿੱਤਰ ਜਸਬੀਰ ਭੁੱਲਰ ਦੀ ਭੈਣ ਹੈ, ਸਮੇਤ ਅਸੀਂ ਚਾਰੇ ਆਸ਼ਰਮ ਜਾ ਪਹੁੰਚੇ।

ਵੁੱਡ ਸਟਰੀਟ ਪੂਰੀ ਤਰ੍ਹਾਂ ਰਿਹਾਇਸ਼ੀ ਹੈ। ਸੜਕ ਦੇ ਦੋਵੇਂ ਪਾਸੀਂ ਨਿੱਜੀ ਮਕਾਨ ਹਨ। ਇਹਨਾਂ ਵਿਚੋਂ ਹੀ ਪੰਜ ਨੰਬਰ ਦਾ ਮਕਾਨ ਗ਼ਦਰ ਯਾਦਗਾਰ ਹੈ। ਇਹ ਕੁੱਲ ਦਸ-ਬਾਰਾਂ ਗ਼ਜ਼ ਚੌੜਾ ਦੋ-ਮੰਜ਼ਲਾ ਮਕਾਨ ਹੈ। ਉਤਲੀ ਮੰਜ਼ਲ ਦੇ ਮੱਥੇ ਉੱਤੇ ਮੋਟੇ ਅੱਖਰਾਂ ਵਿਚ ਉਪਰ ਹਿੰਦੀ ਵਿਚ 'ਗ਼ਦਰ ਸਮਾਰਕ' ਅਤੇ ਹੇਠਾਂ ਅੰਗਰੇਜ਼ੀ ਵਿਚ 'ਗ਼ਦਰ ਮੈਮੋਰੀਅਲ' ਲਿਖਿਆ ਹੋਇਆ ਹੈ। ਜੇ ਇਹ ਲਿਖਤ ਨਾ ਹੋਵੇ, ਇਸ ਮਕਾਨ ਦਾ ਰਿਹਾਇਸ਼ੀ ਘਰਾਂ ਨਾਲੋਂ ਕੋਈ ਫ਼ਰਕ ਨਹੀਂ। ਸਾਹਮਣੇ ਬੰਦ ਸ਼ਟਰ ਸੀ। ਸ਼ਾਇਦ ਇਹ ਕਾਰ ਅੰਦਰ ਖੜ੍ਹੀ ਕਰਨ ਦੀ ਥਾਂ ਸੀ। ਬਾਹਰ ਇਕ ਕਾਰ ਦੀ ਪਾਰਕਿੰਗ ਲਈ ਵੀ ਕੋਈ ਥਾਂ ਜਾਂ ਪ੍ਰਬੰਧ ਨਹੀਂ ਸੀ। ਕਾਰ ਖੜ੍ਹੀ ਕਰਨਾ ਖਾਸਾ ਔਖਾ ਕੰਮ ਬਣਿਆ। ਕਿਸੇ ਦੇ ਘਰ ਅੱਗੇ ਤਾਂ ਕਾਰ ਖੜ੍ਹੀ ਕਰ ਨਹੀਂ ਸੀ ਸਕਦੇ, ਕਾਫ਼ੀ ਦੂਰ ਵੱਡੀ ਸੜਕ ਕੋਲ ਖੜ੍ਹੀ ਕਰ ਕੇ ਪੈਦਲ ਵਾਪਸ ਆਉਣਾ ਪਿਆ।

ਆਸ਼ਰਮ ਦੀ ਇਮਾਰਤ ਦੇ ਖੱਬੇ ਹੱਥ ਬਾਹਰ ਹੀ ਪੌੜੀਆਂ ਚੜ੍ਹਦੀਆਂ ਹਨ ਜੋ ਉਤਲੀ ਮੰਜ਼ਲ ਦੇ ਬਾਹਰ ਛੱਜੇ ਉਤੇ ਜਾ ਮੁਕਦੀਆਂ ਹਨ। ਉਪਰਲੇ ਬੂਹੇ ਵਿਚ ਜਗਦੇ ਦੋ ਬਲਬਾਂ ਨੇ ਸਾਨੂੰ ਆਸਵੰਦ ਕਰ ਦਿੱਤਾ। ਬੂਹੇ ਦੇ ਸ਼ੀਸ਼ਿਆਂ ਵਿਚੋਂ ਦੇਖਿਆ, ਦੋਵਾਂ ਪਾਸਿਆਂ ਦੇ ਕਮਰੇ ਬੰਦ ਸਨ ਪਰ ਲਾਂਘੇ ਦੇ ਪਾਰ ਖੁੱਲ੍ਹੇ ਕਮਰੇ ਵਿਚ ਰੌਸ਼ਨੀ ਸੀ। ਉਸ ਵਿਚ ਪੁਸਤਕਾਂ ਦੀਆਂ ਅਲਮਾਰੀਆਂ ਵੀ ਨਜ਼ਰ ਆ ਰਹੀਆਂ ਸਨ। ਸ਼ਾਇਦ ਇਹ 'ਗ਼ਦਰ ਮੈਮੋਰੀਅਲ ਲਾਇਬਰੇਰੀ' ਸੀ ਜਿਸ ਦਾ ਉਦਘਾਟਨ ਅਕਤੂਬਰ 1976 ਵਿਚ ਤਦਕਾਲੀ ਬਦੇਸ ਮੰਤਰੀ ਵਾਈ. ਬੀ. ਚਵਾਨ ਨੇ ਕੀਤਾ ਸੀ। ਉਸ ਵਿਚ ਉਥੇ ਪਹਿਲਾਂ ਤੋਂ ਮੌਜੂਦ ਪੜ੍ਹਨ-ਸਮਗਰੀ ਤੋਂ ਇਲਾਵਾ ਉਹ ਪੁਸਤਕਾਂ ਸਨ ਜੋ ਉਦਘਾਟਨ ਸਮੇਂ 'ਇੰਡੀਅਨ ਕੌਂਸਲ ਫ਼ਾਰ ਕਲਚਰਲ ਰਿਲੇਸ਼ਨਜ਼' ਨੇ ਲਾਇਬਰੇਰੀ ਨੂੰ ਭੇਟ ਕੀਤੀਆਂ ਸਨ। ਬੂਹਾ ਠਕੋਰਿਆ, ਵਾਰ-ਵਾਰ ਠਕੋਰਿਆ, ਕੋਈ ਹੁੰਗਾਰਾ ਨਾ ਮਿਲਿਆ। ਸ਼ਾਇਦ ਕੋਈ ਆਦਮੀ ਬਿਜਲੀ ਜਗਦੀ ਛੱਡ ਕੇ ਕਿਤੇ ਇਧਰ-ਉਧਰ ਚਲਿਆ ਗਿਆ ਸੀ।

ਕੌਂਸਲਖਾਨੇ ਨੂੰ ਫੋਨ ਕੀਤਾ, ਅਸੀਂ ਭਾਰਤ ਤੋਂ ਆਏ ਹਾਂ, ਤੁਹਾਡਾ ਆਦਮੀ ਇਥੋਂ ਸ਼ੀਰਹਾਜ਼ਰ ਹੈ। ਉੱਤਰ ਮਿਲਿਆ, ਦਿਨ ਨੂੰ ਸਾਡ